# ਭੂਮਿਕਾ

## ਸਿਰਲੇਖ

ਇਬਰਾਨੀ ਪਵਿੱਤਰ ਸ਼ਾਸਤਰ ਦੀ ਪਹਿਲੀ ਪੁਸਤਕ ਦਾ ਸਿਰਲੇਖ "ਉਤਪਤ" ਹੈ। ਅੰਗ੍ਰੇਜੀ ਦਾ ਸਿਰਲੇਖ ਸਪਤਤੀ ਦੇ ਲਾਤੀਨੀ ਵਲਗੇਟ ਵਿੱਚੋਂ *ਜੇਨੇਸਿਸ* ਤੋਂ ਲਿਆ ਗਿਆ ਹੈ ਜੋ γένεσις ਦਾ ਬਦਲਵਾਂ ਰੂਪ ਹੈ।[1] ਯਹੂਦੀ ਪ੍ਰਥਾ ਇਹ ਸੀ ਕਿ ਪਵਿੱਤਰ ਲਿਖਤਾਂ ਦਾ ਨਾਮ ਉਨ੍ਹਾਂ ਲਿਖਤਾਂ ਦੇ ਪਹਿਲੇ ਸ਼ਬਦ ਤੋਂ ਰੱਖਿਆ ਜਾਂਦਾ ਸੀ; ਇਸ ਕਰਕੇ ਇਸ ਪੁਸਤਕ ਦਾ ਇਬਰਾਨੀ ਨਾਮ בְּרֵאשִׁית (*ਬੇਰੇਸ਼ਿਥ*) ਹੈ, ਜਿਸ ਦਾ ਪਰੰਪਰਾਗਤ ਅਨੁਵਾਦ "ਆਦ ਵਿੱਚ" ਕੀਤਾ ਜਾਂਦਾ ਹੈ।

## ਲੇਖਕ ਅਤੇ ਮਿਤੀ

ਉਤਪਤ ਦੇ ਲੇਖਕ ਅਤੇ ਮਿਤੀ ਦਾ ਵਿਸ਼ਾ ਬੜਾ ਹੀ ਔਖਿਆਈਆਂ ਭਰਾ ਵਿਸ਼ਾ ਹੈ। ਪੁਸਤਕ ਸਾਨੂੰ ਇਹ ਨਹੀਂ ਦੱਸਦੀ ਕਿ ਇਸ ਦਾ ਲੇਖਕ ਕੌਣ ਸੀ ਜਾਂ ਉਸ ਨੇ ਇਸ ਨੂੰ ਕਦੋਂ ਲਿਖਿਆ ਸੀ। ਪੁਰਾਣੇ ਨੇਮ ਦੇ ਅਨੇਕ ਹਵਾਲਿਆਂ ਤੋਂ ਅਸੀਂ ਜਾਣਦੇ ਹਾਂ ਕਿ ਪੁਰਾਤਨ ਲੇਖਕ ਕਦੇ-ਕਦੇ ਆਪਣੀ ਸਮਗੱਰੀ ਦਾ ਸੰਗ੍ਰਹਿ ਤਿਆਰ ਕਰਨ ਲਈ ਵੱਖਰੇ-ਵੱਖਰੇ ਸਰੋਤਾਂ ਦੀ ਵਰਤੋਂ ਕਰਦੇ ਹੁੰਦੇ ਸਨ। ਇਹ ਲੇਖਕ ਬਾਈਬਲ ਦੇ ਕੈਨਨ ਤੋਂ ਬਾਹਰ ਦੀਆਂ ਲਿਖਤਾਂ ਦਾ ਹਵਾਲਾ ਵੀ ਦਿੰਦੇ ਹੁੰਦੇ ਸਨ: ਗਿਣਤੀ 21:14, 15 ਵਿੱਚ ਲੇਖਕ ਨੇ "ਯਹੋਵਾਹ ਦੇ ਜੰਗਨਾਮੇ" ਦਾ ਹਵਾਲਾ ਦਿੱਤਾ; ਅਤੇ ਯਹੋਸ਼ੁਆ 10:13 ਵਿੱਚ ਲੇਖਕ ਨੇ ਯਹੋਸ਼ੁਆ ਦੇ ਲੰਮੇ ਦਿਨ ਬਾਰੇ ਹਵਾਲਾ "ਯਾਸ਼ਰ ਦੀ ਪੋਥੀ" ਵਿੱਚੋਂ ਲਿਆ। ਇਸ ਤੋਂ ਇਲਾਵਾ 2 ਸਮੁਏਲ ਦੇ ਲੇਖਕ ਨੇ ਆਖਿਆ ਕਿ ਰਾਜਾ ਸ਼ਾਊਲ ਅਤੇ ਉਸ ਦੇ ਪੁੱਤਰਾਂ ਦੀ ਗਿਲਬੋਆ ਪਹਾੜ 'ਤੇ ਹੋਈ ਮੌਤ ਉੱਤੇ ਦਾਊਦ ਵੱਲੋਂ ਪਾਏ ਗਏ ਵੈਣ ਬਾਰੇ ਲਿਖਣ ਦਾ ਉਸ ਦਾ ਸਰੋਤ "ਯਾਸ਼ਰ ਦੀ ਪੋਥੀ" ਸੀ (2 ਸਮੂਏਲ 1:18-27)। 1, 2 ਰਾਜਿਆਂ; 1, 2 ਇਤਹਾਸ; ਅਜ਼ਰਾ; ਅਤੇ ਨਹਮਯਾਹ ਦੇ ਲੇਖਕਾਂ ਨੇ ਇਹ ਪੁਸਤਕਾਂ ਲਿਖਣ ਵੇਲੇ ਅਨੇਕਾਂ ਸਰੋਤਾਂ ਤੋਂ ਮਦਦ ਲਈ।

ਨਵੇਂ ਨੇਮ ਵਿੱਚ ਲੂਕਾ ਦੇ ਕੋਲ ਮਸੀਹ ਦੇ ਜੀਵਨ ਬਾਰੇ ਸਿੱਧੀ ਜਾਣਕਾਰੀ ਨਹੀਂ ਸੀ, ਪਰ ਉਸ ਨੇ ਲਿਖਿਆ ਕਿ ਆਪਣੀ ਇੰਜੀਲ ਨੂੰ ਸੰਗ੍ਰਹਿ ਕਰਨ ਲਈ ਉਸ ਨੇ ਮੌਖਿਕ ਅਤੇ ਲਿਖਤ ਸਰੋਤਾਂ ਦੀ ਵਰਤੋਂ ਕੀਤੀ (ਲੂਕਾ 1:1-4)। ਇਹ ਸਪੱਸ਼ਟ ਜਾਪਦਾ ਹੈ ਕਿ ਜਦੋਂ ਲੇਖਕ ਘਟਨਾਵਾਂ ਦੇ ਪ੍ਰਤੱਖ ਦਰਸ਼ੀ ਆਪ ਨਹੀਂ ਸਨ ਅਤੇ ਉਨ੍ਹਾਂ ਨੇ ਪਰਮੇਸ਼ੁਰ ਤੋਂ ਸਿੱਧਾ ਪਰਕਾਸ਼ ਆਪ ਪ੍ਰਾਪਤ ਨਹੀਂ ਕੀਤਾ ਸੀ (ਜਿਵੇਂ ਕਿ ਨਬੀਆਂ ਨੂੰ ਪ੍ਰਾਪਤ ਹੁੰਦਾ ਸੀ), ਤਦ ਪਵਿੱਤਰ ਆਤਮਾ ਕਦੇ-ਕਦੇ ਉਨ੍ਹਾਂ ਨੂੰ ਪ੍ਰੇਰਿਤ ਕਰਦਾ ਸੀ ਕਿ ਉਹ ਪਵਿੱਤਰ ਸ਼ਾਸਤਰ ਲਿਖਣ ਲਈ ਹੋਰਨਾਂ ਸਰੋਤਾਂ ਤੋਂ ਮਦਦ ਲੈਣ।

ਪਰਮੇਸ਼ੁਰ ਨੇ ਉਤਪਤ ਦੇ ਲੇਖਕ ਨੂੰ ਪ੍ਰੇਰਣਾ ਦਿੱਤੀ ਅਤੇ ਇਹ ਪੁਸਤਕ ਆਉਣ ਵਾਲੀਆਂ ਸਾਰੀਆਂ ਪੀੜ੍ਹੀਆਂ ਦੇ ਲਈ ਸੁਰੱਖਿਅਤ ਹੋ ਗਈ। ਇਸ ਪ੍ਰਸ਼ਨ ਬਾਰੇ ਕਿ ਉਤਪਤ ਨੂੰ ਕਿਸ ਨੇ ਲਿਖਿਆ, ਅਰੰਭਕ ਯਹੂਦੀ ਪਰੰਪਰਾ ਆਖਦੀ ਹੈ ਕਿ "ਮੂਸਾ ਨੇ ਸ਼ਰਾ ਨੂੰ ਸੀਨਈ ਪਹਾੜ ਉੱਤੇ ਪ੍ਰਾਪਤ ਕੀਤਾ ਸੀ।"[2] ਸ਼ਰਾ ਵਿੱਚ ਬਾਈਬਲ ਦੀ ਸਿਰਫ ਪਹਿਲੀ ਪੁਸਤਕ ਨੂੰ ਹੀ ਸ਼ਾਮਲ ਨਹੀਂ

ਮੰਨਿਆ ਜਾਂਦਾ ਸੀ, ਸਗੋਂ ਇਸ ਵਿੱਚ ਬਾਕੀ ਦਾ ਤੌਰੇਤ - ਕੂਚ, ਲੇਵੀਆਂ, ਗਿਣਤੀ ਅਤੇ ਬਿਵਸਥਾ ਸਾਰ - ਵੀ ਸ਼ਾਮਲ ਹੈ।[3] ਇਸ ਸੰਗ੍ਰਹਿ ਨੂੰ ਬਾਈਬਲ ਦੇ ਭਿੰਨ-ਭਿੰਨ ਬੰਦਾਂ ਵਿੱਚ "ਮੂਸਾ ਦੀ ਸ਼ਰਾ [ਜਾਂ 'ਪੁਸਤਕ']" ਆਖਿਆ ਗਿਆ ਹੈ।[4]

ਨਿਸ਼ਚਿਤ ਤੌਰ 'ਤੇ ਮੂਸਾ ਕੋਲ ਐਨਾ ਸਮਾਂ ਸੀ ਕਿ ਉਹ ਤੌਰੇਤ ਲਿਖ ਸਕਿਆ ਕਿਉਂਕਿ ਉਸ ਨੇ ਇਸਰਾਏਲੀ ਪਰਜਾ ਦੇ ਨਾਲ ਚਾਲ੍ਹੀ ਵਰ੍ਹੇ ਮਾਰੂਥਲ ਵਿੱਚ ਗੁਜ਼ਾਰੇ ਸਨ। ਇਸ ਕੰਮ ਨੂੰ ਪੂਰਾ ਕਰਨ ਲਈ ਲੋੜੀਂਦੀ ਸਿੱਖਿਆ ਵੀ ਉਸ ਦੇ ਕੋਲ ਸੀ, ਕਿਉਂਕਿ ਉਸ ਨੇ "ਮਿਸਰੀਆਂ ਦੀ ਸਾਰੀ ਵਿੱਦਿਆ ਸਿੱਖੀ" ਸੀ (ਰਸੂਲਾਂ ਦੇ ਕਰਤੱਬ 7:22)। ਸਭ ਤੋਂ ਉੱਤਮ ਦਰਜੇ ਦਾ ਨਬੀ ਹੋਣ ਦੇ ਕਾਰਣ (ਬਿਵਸਥਾ ਸਾਰ 34:9, 10) ਉਸ ਨੇ ਨਿਸ਼ਚਿਤ ਤੌਰ 'ਤੇ ਪਰਮੇਸ਼ੁਰ ਕੋਲੋਂ ਕਈ ਨਿਯਮ ਅਤੇ ਨਿਰਦੇਸ਼ ਪ੍ਰਾਪਤ ਕੀਤੇ ਸਨ, ਜਿਨ੍ਹਾਂ ਨੂੰ ਉਸ ਨੇ ਲਿਖਤ ਰੂਪ ਦਿੱਤਾ ਸੀ (ਵੇਖੋ ਕੂਚ 24:4; ਬਿਵਸਥਾ ਸਾਰ 31:9)। ਇਸ ਤੋਂ ਇਲਾਵਾ ਉਸ ਨੇ ਇਸਰਾਏਲੀਆਂ ਦੀ ਪੂਰੀ ਯਾਤਰਾ ਦਾ ਲੇਖਾ ਵੀ ਰੱਖਿਆ, ਕਿ ਉਨ੍ਹਾਂ ਨੇ ਕਿੱਥੇ-ਕਿੱਥੇ ਛਾਉਣੀਆਂ ਪਾਈਆਂ ਸਨ ਅਤੇ ਉਨ੍ਹਾਂ ਥਾਂਵਾਂ 'ਤੇ ਘਟੀਆਂ ਕੁਝ ਘਟਨਾਵਾਂ ਨੂੰ ਵੀ ਦਰਜ ਕਰਨ ਦੇ ਨਾਲ-ਨਾਲ (ਕੂਚ 17:14; ਗਿਣਤੀ 33:2-37) ਉਸ ਨੇ ਇੱਕ ਗੀਤ ਵੀ ਲਿਖਿਆ (ਬਿਵਸਥਾ ਸਾਰ 31:22)। ਜ਼ਬੂਰ 90 ਵੀ ਉਸੇ ਦਾ ਲਿਖਿਆ ਹੋਇਆ ਮੰਨਿਆ ਜਾਂਦਾ ਹੈ। ਪਰ ਤੌਰੇਤ ਵਿੱਚ ਮੂਸਾ ਦੇ ਯੋਗਦਾਨ ਨੂੰ ਸਿਰਫ ਪਵਿੱਤਰ ਸ਼ਾਸਤਰ ਦੀਆਂ ਉਨ੍ਹਾਂ ਲਿਖਤਾਂ ਤੱਕ ਹੀ ਸੀਮਿਤ ਨਹੀਂ ਮੰਨਿਆ ਜਾਣਾ ਚਾਹੀਦਾ ਜਿਨ੍ਹਾਂ ਦਾ ਲੇਖਕ ਉਸ ਨੂੰ ਆਖਿਆ ਜਾਂਦਾ ਹੈ, ਕਿਉਂਕਿ ਜ਼ਿਆਦਾਤਰ ਘਟਨਾਵਾਂ ਦਾ ਪ੍ਰਤੱਖ ਦਰਸ਼ੀ ਅਤੇ ਹਿੱਸੇਦਾਰ ਹੋਣ ਦੇ ਕਾਰਣ ਯਹੂਦੀ ਲੋਕਾਂ ਦੇ ਲਈ ਉਸ ਦੇ ਸ਼ਬਦ ਸੁਭਾਵਕ ਤੌਰ 'ਤੇ ਬਹੁਤ ਮਹੱਤਵਪੂਰਣ ਸਨ।

ਤੌਰੇਤ ਦੀਆਂ ਬਾਕੀ ਪੁਸਤਕਾਂ ਦੇ ਉਲਟ, ਜਿਨ੍ਹਾਂ ਵਿੱਚ ਮੂਸਾ ਨੂੰ ਕੁਝ ਸਮੱਗਰੀ ਦਾ ਲੇਖਕ ਆਖਿਆ ਗਿਆ ਹੈ, ਕੋਈ ਵੀ ਹਵਾਲਾ ਉਸ ਨੂੰ ਉਤਪਤ ਦੇ ਲੇਖਕ ਵਜੋਂ ਨਹੀਂ ਸਿਆਣਦਾ। ਇਸ ਤੋਂ ਇਲਾਵਾ ਉਤਪਤ ਦੇ ਕੁਝ ਹਿੱਸੇ ਮੂਸਾ ਤੋਂ ਬਾਅਦ ਦੇ ਸਮੇਂ ਤੋਂ ਆਏ ਪ੍ਰਤੀਤ ਹੁੰਦੇ ਹਨ। ਉਦਾਹਰਣ ਵਜੋਂ, ਅਬਰਾਹਾਮ ਦੇ ਕਨਾਨ ਦੇਸ ਵਿੱਚ ਸ਼ਕਮ ਪੁੱਜਣ ਦਾ ਵੇਰਵਾ ਪੇਸ਼ ਕਰਦਿਆਂ ਲੇਖਕ ਨੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਹੈ, "ਅਤੇ ਕਨਾਨੀ ਅਜੇ ਉਸ ਦੇਸ ਵਿੱਚ ਹੈ ਸਨ" (12:6)। ਇਹ ਕਥਨ ਇਹ ਦਰਸਾਉਂਦਾ ਪ੍ਰਤੀਤ ਹੁੰਦਾ ਹੈ ਕਿ ਜਿਸ ਲੇਖਕ/ਸੰਪਾਦਕ ਨੇ ਇਹ ਜਾਣਕਾਰੀ ਦਿੱਤੀ ਹੈ ਉਹ ਮੂਸਾ ਦੇ ਸਮੇਂ ਤੋਂ ਬਾਅਦ ਦਾ ਵਿਅਕਤੀ ਸੀ, ਜਿਸ ਸਮੇਂ ਕਨਾਨੀ ਲੋਕ ਪ੍ਰਤਿੱਗਿਆ ਕੀਤੇ ਹੋਏ ਦੇਸ ਵਿੱਚ ਨਾ ਤਾਂ ਬਹੁਤਾਤ ਨਾਲ ਸਨ ਅਤੇ ਨਾ ਹੀ ਉਸ ਉੱਤੇ ਉਨ੍ਹਾਂ ਦਾ ਨਿਯੰਤ੍ਰਣ ਸੀ।

ਇੱਕ ਹੋਰ ਹਵਾਲਾ ਮਸੋਪੋਤਾਮੀਆ ਦੇ ਚਾਰ ਰਾਜਿਆਂ ਦੁਆਰਾ ਯਰਦਨ ਦੀ ਘਾਟੀ ਉੱਤੇ ਹਮਲਾ ਕਰਨ ਦਾ ਜ਼ਿਕਰ ਕਰਦਾ ਹੈ। ਇਸ ਵਿੱਚ ਲਿਖਿਆ ਹੈ ਕਿ ਅਬਰਾਹਾਮ ਨੇ ਆਪਣੀ ਨਿੱਜੀ ਫੌਜ ਨਾਲ ਉਨ੍ਹਾਂ ਨਾਲ ਯੁੱਧ ਲੜਿਆ ਅਤੇ "ਦਾਨ ਤੀਕਰ ਉਨ੍ਹਾਂ ਦਾ ਪਿੱਛਾ ਕੀਤਾ" (14:14)। ਪਰ ਨਿਆਈਆਂ ਦੀ ਪੁਸਤਕ ਦੇ ਲੇਖਕ ਦੇ ਅਨੁਸਾਰ ਇਸ ਨਗਰ ਦਾ ਪਿਛਲਾ ਨਾਮ ਲਾਇਸ਼ ਸੀ; ਇਸ ਦਾ ਨਾਮ ਤਦ ਤੱਕ "ਦਾਨ" ਨਹੀਂ ਰੱਖਿਆ ਗਿਆ ਸੀ ਜਦ ਤੱਕ ਕਿ ਨਿਆਈਆਂ ਦੇ ਸਮੇਂ ਦੇ ਲਗਭਗ ਅੰਤ ਵਿੱਚ ਇਸ ਉੱਤੇ ਦਾਨ ਦੇ ਗੋਤ ਦਾ ਕਬਜ਼ਾ ਨਹੀਂ ਹੋਇਆ ਸੀ (ਨਿਆਈਆਂ 18:27-29)।

ਇਨ੍ਹਾਂ ਬੰਦਾਂ ਦੀ ਮਿਤੀ ਅਤੇ ਸਮੇਂ ਦੇ ਨਿਰਧਾਰਣ ਦੀ ਅਸ਼ੁੱਧਤਾ ਨੂੰ ਲੰਮੇ ਸਮੇਂ ਤੋਂ ਸਿਆਣਿਆ ਜਾ ਚੁੱਕਿਆ ਹੈ, ਜਿਵੇਂ ਕਿ ਉਤਪਤ ਵਿੱਚ ਅਜਿਹੇ ਹੋਰ ਕਥਨਾਂ ਨਾਲ ਵੀ ਹੋਇਆ ਹੈ (ਜਿਵੇਂ ਕਿ 11:28, 31; 34:7; 36:31)। ਪ੍ਰਮਾਣ ਦਰਸਾਉਂਦੇ ਹਨ ਕਿ ਮੂਸਾ ਦੇ ਸਮੇਂ ਤੋਂ ਬਾਅਦ ਕੁਝ

ਸੰਪਾਦਕੀ ਲਿਖਤਾਂ ਜੋੜੀਆਂ ਗਈਆਂ ਸਨ। ਪਰ ਇਹ ਜੋੜੀਆਂ ਗਈਆਂ ਲਿਖਤਾਂ ਨਾ ਤਾਂ ਪਵਿੱਤਰ ਸ਼ਾਸਤਰ ਦੀ ਪ੍ਰੇਰਣਾ ਅਤੇ ਇਖ਼ਤਿਆਰ ਲਈ ਖ਼ਤਰਾ ਹਨ ਅਤੇ ਨਾ ਹੀ ਪੰਦਰਵੀਂ ਤੋਂ ਤੇਰਵੀਂ ਸਦੀ ਈ.ਪੂ. ਦੇ ਦਰਮਿਆਨ ਮੂਸਾ ਦੁਆਰਾ ਇਸ ਨੂੰ ਲਿਖੇ ਜਾਣ ਦੀ ਪਰੰਪਰਾਗਤ ਮਾਨਤਾ ਲਈ ਖ਼ਤਰਾ ਹਨ।[5]

ਅਸੀਂ ਇਹ ਨਿਸ਼ਚਿਤ ਤੌਰ ’ਤੇ ਨਹੀਂ ਆਖ ਸਕਦੇ ਕਿ ਉਤਪਤ ਦੀ ਪੁਸਤਕ ਵਰਤਮਾਨ ਰੂਪ ਵਿੱਚ ਕਿਵੇਂ ਪੁੱਜੀ ਹੈ। ਪਰ ਫਿਰ ਵੀ ਅਜਿਹਾ ਜਾਪਦਾ ਹੈ ਕਿ ਮੂਸਾ ਨੇ ਜਾਂ ਉਸ ਦੀ ਅਗਵਾਈ ਹੇਠ ਕਿਸੇ ਨੇ (ਜਿਵੇਂ ਕਿ ਯਹੋਸ਼ੁਆ ਨੇ) ਇਸ ਪੁਸਤਕ ਨੂੰ ਲਿਖਣ ਲਈ ਸ਼ਾਇਦ ਭਿੰਨ-ਭਿੰਨ ਸਰੋਤਾਂ - ਮੌਖਿਕ ਜਾਂ ਲਿਖਤ - ਦੀ ਵਰਤੋਂ ਕੀਤੀ ਸੀ।[6] ਬਾਅਦ ਵਿੱਚ ਕਿਸੇ ਵੇਲੇ ਕਿਸੇ ਲੇਖਕ/ਸੰਪਾਦਕ ਨੇ,[7] ਆਪਣੇ ਸਮੇਂ ਦੇ ਪਾਠਕਾਂ ਲਈ ਇਸ ਨੂੰ ਵਧੇਰੇ ਢੁਕਵਾਂ ਬਣਾਉਣ ਲਈ ਪਵਿੱਤਰ ਆਤਮਾ ਦੀ ਅਗਵਾਈ ਹੇਠ ਕੁਝ ਨਾਮਾਂ ਅਤੇ ਅਸਥਾਨਾਂ ਨੂੰ ਨਵਪੂਰਤ ਕੀਤਾ।

ਪਰ ਤਰਕ ਉੱਤੇ ਕੰਮ ਕਰਨ ਵਾਲੇ ਬਾਈਬਲ ਦੇ ਕੁਝ ਆਲੋਚਕਾਂ ਨੇ ਇਨ੍ਹਾਂ ਜੋੜੀਆਂ ਗਈਆਂ ਸੰਭਾਵੀ ਸੰਪਾਦਕੀ ਲਿਖਤਾਂ ਨੂੰ, ਥਿਓਲੌਜਿਕਲ ਵਿਕਾਸ ਦੇ ਲਈ ਆਪਣੇ ਵਿਕਾਸਕ੍ਰਮ ਦੇ ਵਿਚਾਰਾਂ ਨੂੰ ਅਤੇ ਪਵਿੱਤਰ ਸ਼ਾਸਤਰ ਵਿੱਚ ਪਵਿੱਤਰ ਆਤਮਾ ਦੀ ਪ੍ਰੇਰਣਾ ਦੇ ਪ੍ਰਤੀ ਆਪਣੇ ਇਨਕਾਰ ਨੂੰ ਇਸਤੇਮਾਲ ਕਰਕੇ ਇਹ ਸਿੱਟਾ ਕੱਢਿਆ ਹੈ ਕਿ ਉਤਪਤ (ਅਤੇ ਬਾਕੀ ਦੇ ਤੌਰੇਤ) ਨੂੰ ਮੂਸਾ ਦੇ ਸਮੇਂ ਤੋਂ ਕਈ ਸੌ ਵਰ੍ਹੇ ਬਾਅਦ ਲਿਖਿਆ ਗਿਆ ਸੀ। ਇਨ੍ਹਾਂ “ਸਰੋਤ ਆਲੋਚਕਾਂ” ਵਿੱਚੋਂ ਕਈਆਂ ਦੇ ਅਨੁਸਾਰ ਪੂਰਵਜਾਂ ਅਤੇ ਮੂਸਾ ਦੇ ਇਹ ਵਿਰਤਾਂਤ ਪੁਰਖਿਆਂ ਦੀਆਂ ਕਹਾਣੀਆਂ ਉੱਤੇ ਬਣਾਏ ਗਏ ਹਨ ਅਤੇ ਇਤਿਹਾਸਕ ਤੱਥਾਂ ਵਿੱਚ ਇਨ੍ਹਾਂ ਦਾ ਕੋਈ ਅਸਲ ਆਧਾਰ ਨਹੀਂ ਹੈ।

“ਦਸਤਾਵੇਜ਼ੀ ਕਲਪਨਾ” ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰਨਾ ਇਸ ਕਮੈਂਟ੍ਰੀ ਦੇ ਖੇਤਰ ਤੋਂ ਬਾਹਰ ਹੈ; ਪਰ ਉਤਪਤ ਦੀ ਵਿਆਖਿਆ ਪੇਸ਼ ਕਰਨ ਵੇਲੇ ਕੁਝ ਮੁੱਖ ਬਿੰਦੂਆਂ ’ਤੇ ਦਿੱਤੀਆਂ ਗਈਆਂ ਟਿੱਪਣੀਆਂ ਇਸ ਮਾਨਤਾ ਦੀਆਂ ਨਿਰਬਲਤਾਈਆਂ ਨੂੰ ਉਜਾਗਰ ਕਰਨਗੀਆਂ। ਆਲੋਚਕਾਂ ਨੇ ਬਾਈਬਲ ਦੀ ਪਹਿਲੀ ਪੁਸਤਕ ਦੀ ਏਕਤਾ ਅਤੇ ਅਖੰਡਤਾ ਨੂੰ ਰੱਦਣ ਦੇ ਭਰਪੂਰ ਜਤਨ ਕੀਤੇ ਹਨ। ਪਰ ਫਿਰ ਵੀ, ਉਹ ਇਹ ਦਰਸਾਉਣ ਲਈ ਕੋਈ ਠੋਸ ਪ੍ਰਮਾਣ ਪੇਸ਼ ਨਹੀਂ ਕਰ ਸਕੇ ਹਨ ਕਿ ਕਿਉਂ ਉਤਪਤ - ਅਤੇ ਤੌਰੇਤ ਦਾ ਜ਼ਿਆਦਾਤਰ ਹਿੱਸਾ - ਜਾਇਜ਼ ਤੌਰ ’ਤੇ ਮੂਸਾ ਦੁਆਰਾ ਨਹੀਂ ਲਿਖਿਆ ਜਾ ਸਕਦਾ ਸੀ। ਉਨ੍ਹਾਂ ਦੀ ਮਾਨਤਾ ਮੁੱਢਲੇ ਤੌਰ ’ਤੇ ਸੰਦੇਹਾਂ ਨਾਲ ਭਰੀ ਕਿਆਸਾਂ ਉੱਤੇ ਅਧਾਰਿਤ ਹੈ ਜਿਸ ਨੂੰ ਠੋਸ ਪ੍ਰਮਾਣਾਂ ਦੇ ਅਧਾਰ ’ਤੇ ਪ੍ਰਮਾਣਿਤ ਨਹੀਂ ਕੀਤਾ ਜਾ ਸਕਦਾ।

ਇਹ ਮੰਨਣਾ ਤਰਕਸੰਗਤ ਹੈ ਕਿ ਉਤਪਤ ਦੀ ਪੁਸਤਕ ਲਿਖਣ ਲਈ ਪਵਿੱਤਰ ਆਤਮਾ ਦੁਆਰਾ ਇਸਤੇਮਾਲ ਕੀਤੇ ਗਏ ਲੇਖਕ ਅਤੇ ਸਰੋਤ ਬਾਈਬਲ ਦੀ ਨਿਰਚਾ ਲਈ ਮਾਇਨੇ ਨਹੀਂ ਰੱਖਦੇ ਹਨ, ਕਿਉਂਕਿ ਆਪ ਬਾਈਬਲ ਹੀ ਸਾਨੂੰ ਇਸ ਦੀ ਜਾਣਕਾਰੀ ਨਹੀਂ ਦਿੰਦੀ ਹੈ। ਦੂਜੇ ਪਾਸੇ, ਪੁਰਾਤਨ ਇਤਿਹਾਸਕ ਦਸਤਾਵੇਜ਼ਾਂ, ਸ਼ਿਲਾਲੇਖਾਂ ਅਤੇ ਹੋਰ ਪੁਰਾਤੱਤਵ ਖੋਜਾਂ ਵਿੱਚ ਪ੍ਰਾਪਤ ਕਲਾਕ੍ਰਿਤੀਆਂ ਤੋਂ ਅਸੀਂ ਪੂਰਵਜਾਂ ਦੇ ਸੰਸਾਰ ਬਾਰੇ ਜਿੰਨਾ ਸਿੱਖਦੇ ਹਾਂ, ਓਨਾ ਹੀ ਅਸੀਂ ਇਸ ਤੱਥ ਤੋਂ ਜਾਣੂ ਹੁੰਦੇ ਜਾਂਦੇ ਹਾਂ ਕਿ ਬਾਈਬਲ ਦੇ ਵਿਰਤਾਂਤ ਸੱਚ ਹਨ। ਇਹ ਕੁਝ ਨਾਇਕ ਪੁਰਸ਼ਾਂ ਅਤੇ ਇਸਤਰੀਆਂ ਦੀਆਂ ਕਥਾਂ-ਕਹਾਣੀਆਂ ਨਹੀਂ ਹਨ, ਜਿਨ੍ਹਾਂ ਨੂੰ ਯਹੂਦੀ ਲੋਕਾਂ ਦੇ ਪਰਤਾਪਵਾਨ ਅਤੇ ਨਾਇਕਾਂ ਨਾਲ ਭਰੇ ਅਤੀਤ ਨੂੰ ਦਰਸਾਉਣ ਲਈ ਮਨਘੜਤ ਰੂਪ ਦਿੱਤਾ ਗਿਆ ਸੀ। ਇਸ ਦੇ ਉਲਟ ਉਤਪਤ (ਅਤੇ ਤੌਰੇਤ) ਦਾ ਅਸਲ ਨਾਇਕ ਸਿਰਜਣਹਾਰ ਪਰਮੇਸ਼ੁਰ ਹੈ, ਜਿਸ ਨੇ ਆਪਣੀ ਕਿਰਪਾ ਸਦਕਾ ਪਾਪੀ ਮਨੁੱਖਾਂ ਨੂੰ ਸੱਦਿਆ ਅਤੇ ਉਨ੍ਹਾਂ ਨੂੰ ਅਸੀਸ ਦਿੱਤੀ, ਉਨ੍ਹਾਂ ਦੀਆਂ ਖਾਮੀਆਂ ਦੇ ਬਾਵਜੂਦ ਉਨ੍ਹਾਂ ਨੂੰ ਇਸਤੇਮਾਲ ਕੀਤਾ, ਤਾਂ ਜੋ ਇੱਕ ਅਜਿਹੀ ਪਰਜਾ ਤਿਆਰ ਕਰੇ

ਜਿਸ ਦੇ ਦੁਆਰਾ ਉਹ ਮਨੁੱਖਜਾਤੀ ਨੂੰ ਪਾਪ ਤੋਂ ਬਚਾਉਣ ਲਈ ਇੱਕ ਦਿਨ ਆਪਣੇ ਪੁੱਤਰ ਨੂੰ ਸੰਸਾਰ ਵਿੱਚ ਲਿਆ ਸਕੇ।

ਉਤਪਤ ਦੀ ਪੁਸਤਕ ਗੰਭੀਰ ਪਰ ਕੁਰਾਹੇ ਪਏ ਵਿਅਕਤੀਆਂ ਦੁਆਰਾ ਤਿਆਰ ਕੀਤਾ ਗਿਆ "ਧਾਰਮਿਕ ਧੋਖਾ" ਨਹੀਂ ਹੈ। ਸਗੋਂ ਇਹ ਤਾਂ ਪਰਮੇਸ਼ੁਰ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਵਚਨ ਹੈ ਜੋ ਸੰਸਾਰ ਦੇ "ਆਦ," ਮਨੁੱਖਜਾਤੀ ਦੀ ਸਿਰਜਣਾ, ਪਾਪ ਦੇ ਅਰੰਭ ਅਤੇ ਉਸ ਦੇ ਨਤੀਜੇ ਦੀ ਜਾਣਕਾਰੀ ਦਿੰਦਾ ਹੈ। ਇਹ ਪੁਸਤਕ ਮੁੱਢਲੇ ਤੌਰ 'ਤੇ ਮਨੁੱਖੀ ਇਤਹਾਸ ਵਿੱਚ ਰੱਬੀ ਛੁਟਕਾਰੇ ਦੇ ਅਰੰਭ ਨੂੰ ਪੇਸ਼ ਕਰਦੀ ਹੈ ਜਿਹੜਾ ਬਾਕੀ ਦੀ ਬਾਈਬਲ ਵਿੱਚ ਜਾਰੀ ਰਹਿੰਦਾ ਹੈ। ਪਰਕਾਸ਼ ਦੀ ਪੋਥੀ ਵਿੱਚ ਇਸ ਕਥਾ ਦੀ ਪੂਰਣਤਾ ਦਰਸ਼ਾਈ ਗਈ ਹੈ, ਜਿਸ ਵਿੱਚ ਯੁਗਾਂ ਦੇ ਛੁਡਾਏ ਹੋਏ ਮਨੁੱਖ - ਅਦਨ ਦੇ ਸੁਰਗ ਵਿੱਚ ਨਹੀਂ, ਪਰ ਅਸਲੀ ਸੁਰਗ ਵਿੱਚ ਪਰਮੇਸ਼ੁਰ ਦੇ ਸਿੰਘਾਸਣ ਦੇ ਚੁਫੇਰੇ ਹਨ, ਮੂਸਾ ਅਤੇ ਲੇਲੇ (ਯਿਸੂ) ਦਾ ਗੀਤ ਗਾ ਰਹੇ ਹਨ ਅਤੇ ਸਦਾਕਾਲ ਲਈ ਤ੍ਰਿਏਕ ਪਰਮੇਸ਼ੁਰ ਅਤੇ ਉਸ ਦੀ ਪਰਜਾ ਨਾਲ ਅਨੰਦ ਮਾਣ ਰਹੇ ਹਨ।

# ਵਿਸ਼ਾ-ਵਸਤੂ

**ਟੋਲੇਡੋਥ ਭਾਗ**

ਉਤਪਤ ਨੂੰ ਦਸ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ, ਜਿਨ੍ਹਾਂ ਵਿੱਚੋਂ ਹਰੇਕ ਦਾ ਅਰੰਭ ਇਬਰਾਨੀ ਸ਼ਬਦ תּוֹלְדוֹת (*ਟੋਲੇਡੋਥ*, ਜਾਂ *ਤੋਲੇਡੋਥ*) ਤੋਂ ਹੁੰਦਾ ਹੈ, ਜਿਸ ਦਾ ਅਰਥ ਹੈ "ਲੇਖਾ," "ਪੀੜ੍ਹੀਆਂ," "ਅੰਸ," ਜਾਂ "ਪੂਰਵਜਾਂ ਦੇ ਵਿਰਤਾਂਤ" (ਵੇਖੋ 2:4; 5:1; 6:9; 10:1; 11:10, 27; 25:12, 19; 36:1; 37:2)। ਹਰੇਕ ਥਾਂ 'ਤੇ *ਟੋਲੇਡੋਥ* ਦੀ ਵਰਤੋਂ ਭੂਮਿਕਾ ਦੇ ਵਾਕ ਵਜੋਂ ਕੀਤੀ ਗਈ ਹੈ, ਜਿਸ ਵਿੱਚ ਪੂਰਵਜ ਨੂੰ ਜਾਂ ਉਸ ਭਾਗ ਦੇ ਮੁੱਖ ਪਾਤਰ ਨੂੰ ਸਿਆਣਿਆ ਜਾਂਦਾ ਹੈ। ਇੱਕੋ ਸੰਭਵ ਅਪਵਾਦ 2:4 ਵਿੱਚ ਹੈ, ਜਿਸ ਨੂੰ ਕੁਝ ਲੋਕ 2:5-25 ਦੀ ਭੂਮਿਕਾ ਮੰਨਣ ਦੀ ਬਜਾਇ 1:1-2:3 ਦਾ ਸਿੱਟਾ ਮੰਨਦੇ ਹਨ। ਕੁਝ ਥਾਂਵਾਂ 'ਤੇ *ਟੋਲੇਡੋਥ* ਸ਼ਬਦ ਨੂੰ ਇੱਕੋ ਭਾਗ ਵਿੱਚ ਕਈ ਵਾਰੀ ਦੋਹਰਾਇਆ ਗਿਆ ਹੈ (10:1, 32; 25:12, 13; 36:1, 9)।

ਉਤਪਤ ਦੀ ਪੁਸਤਕ ਦੇ ਦਸ ਭਾਗਾਂ ਦੇ ਅਰੰਭ ਵਿੱਚ ਜਿੱਥੇ *ਟੋਲੇਡੋਥ* ਸ਼ਬਦ ਆਉਂਦਾ ਹੈ, ਉੱਥੇ NASB ਇਸ ਦਾ ਅਨੁਵਾਦ "ਪੀੜ੍ਹੀਆਂ" ਕਰਦੀ (ਪੰਜਾਬੀ ਬਾਈਬਲ ਵਿੱਚ "ਕੁਲਪੱਤ੍ਰੀ") ਹੈ, ਪਰ ਸਿਰਫ 2:4 ਵਿੱਚ ਇਸ ਦਾ ਅਨੁਵਾਦ "ਲੇਖਾ" ਕਰਦੀ (ਪੰਜਾਬੀ ਬਾਈਬਲ ਵਿੱਚ "ਅਰੰਭ") ਹੈ। KJV ਇਸ ਦਾ ਅਨੁਵਾਦ ਹਰੇਕ ਥਾਂ 'ਤੇ "ਪੀੜ੍ਹੀਆਂ" ਕਰਦੀ ਹੈ; RSV ਪਹਿਲੇ ਚਾਰ ਬੰਦਾਂ ਵਿੱਚ ਇਸ ਦਾ ਅਨੁਵਾਦ "ਪੀੜ੍ਹੀਆਂ," ਅਗਲੇ ਪੰਜ ਬੰਦਾਂ ਵਿੱਚ "ਅੰਸ" ਅਤੇ ਆਖਰੀ ਹਵਾਲੇ ਵਿੱਚ "ਇਤਹਾਸ" ਕਰਦੀ ਹੈ। ਪੰਜ ਭਾਗਾਂ ਵਿੱਚ *ਟੋਲੇਡੋਥ* ਤੋਂ ਬਾਅਦ ਇੱਕ ਵਿਰਤਾਂਤ ਆਉਂਦਾ ਹੈ, ਜਦਕਿ ਬਾਕੀ ਦਿਆਂ ਪੰਜ ਤੋਂ ਬਾਅਦ ਬੰਸਾਵਲੀ ਦਿੱਤੀ ਗਈ ਹੈ। ਇਨ੍ਹਾਂ ਦਸ *ਟੋਲੇਡੋਥ* ਵਾਲੇ ਭਾਗਾਂ ਦੇ ਅਧਾਰ 'ਤੇ ਤਿਆਰ ਕੀਤੀ ਗਈ ਰੂਪਰੇਖਾ ਇਸ ਤਰ੍ਹਾਂ ਹੈ:

ਜਾਣ-ਪਛਾਣ: ਅਕਾਸ਼ ਅਤੇ ਧਰਤੀ ਦੀ ਸਰਿਸ਼ਟੀ (1:1-2:3)।

*ਅੱਤ ਪੁਰਾਤਨ ਪਰਿਵਾਰਾਂ ਦਾ ਲੇਖਾ*

1. ਅਕਾਸ਼ ਅਤੇ ਧਰਤੀ ਦਾ ਵਿਰਤਾਂਤ ("ਲੇਖਾ") (2:4-4:26)
2. ਆਦਮ ਦੀ ਬੰਸਾਵਲੀ (5:1-6:8)

3. ਨੂਹ ਦੇ ਘਰਾਣੇ ਦਾ ਵਿਰਤਾਂਤ (6:9-9:29)
4. ਨੂਹ ਦੇ ਪੁੱਤਰਾਂ ਦੀ ਬੰਸਾਵਲੀ (10:1-11:9)
5. ਸ਼ੇਮ ਦੀ ਬੰਸਾਵਲੀ (11:10-26)

*ਅਬਰਾਹਾਮ ਦੇ ਪਰਿਵਾਰ ਦਾ ਲੇਖਾ*

6. ਤਾਰਹ ਦੇ ਘਰਾਣੇ ਦਾ ਵਿਰਤਾਂਤ (11:27-25:11)
7. ਇਸਮਾਏਲ ਦੀ ਬੰਸਾਵਲੀ (25:12-18)
8. ਇਸਹਾਕ ਦੇ ਘਰਾਣੇ ਦਾ ਵਿਰਤਾਂਤ (25:19-35:29)
9. ਏਸਾਓ ਦੀ ਬੰਸਾਵਲੀ (36:1-43)
10. ਯਾਕੂਬ ਦੇ ਘਰਾਣੇ ਦਾ ਵਿਰਤਾਂਤ (37:1-50:26)

**ਸੰਰਚਨਾ**

ਸੰਰਚਨਾ ਦੇ ਹਿਸਾਬ ਨਾਲ ਇਸ ਪੁਸਤਕ ਦੇ ਦੋ ਵੱਡੇ ਭਾਗ ਹਨ: (1) ਅਧਿਆਇ 1 ਤੋਂ ਲੈ ਕੇ 11 ਤੱਕ ਅਤੇ (2) ਅਧਿਆਇ 12 ਤੋਂ ਲੈ ਕੇ 50 ਤੱਕ। ਪਹਿਲਾ ਭਾਗ ਸਰਿਸ਼ਟੀ ਤੋਂ ਲੈ ਕੇ ਜਲ ਪਰਲੋ ਤੱਕ ਦਾ ਵੇਰਵਾ ਪੇਸ਼ ਕਰਦਾ ਹੈ ਅਤੇ ਦੂਜਾ ਭਾਗ ਅਬਰਾਹਾਮ ਨੂੰ ਕੀਤੀ ਗਈ ਪਰਮੇਸ਼ੁਰ ਦੀ ਪ੍ਰਤਿੱਗਿਆ ਦੀ ਪੂਰਤੀ ਵਜੋਂ ਪਰਮੇਸ਼ੁਰ ਦੀ ਪਰਜਾ ਦੇ ਵਿਕਾਸ ਦਾ ਵੇਰਵਾ ਪੇਸ਼ ਕਰਦਾ ਹੈ।

*ਅਧਿਆਇ 1-11.* ਇਸ ਪਹਿਲੇ ਭਾਗ ਦਾ ਖੇਤਰ ਸਾਰੇ ਵਿਸ਼ਵ ਦੀ ਗੱਲ ਕਰਦਾ ਹੈ ਅਤੇ ਇਸ ਵਿੱਚ ਅੱਤ ਪੁਰਾਤਨ ਇਤਹਾਸ ਦਰਜ ਹੈ ਅਰਥਾਤ ਅਕਾਸ਼ ਅਤੇ ਇਸ ਵਿਚਲੇ ਸਾਰੇ ਤਾਰਿਆਂ ਦੀ ਸਰਿਸ਼ਟੀ, ਧਰਤੀ ਅਤੇ ਇਸ ਉੱਤੇ ਨਿਵਾਸ ਕਰਨ ਵਾਲੇ ਜੰਤੂਆਂ, ਪਾਣੀ ਵਿੱਚ ਰਹਿਣ ਵਾਲੇ ਜੀਵਾਂ ਅਤੇ ਹਵਾ ਵਿੱਚ ਉੱਡਣ ਵਾਲੇ ਪੰਛੀਆਂ ਸਮੇਤ ਹਰ ਪ੍ਰਕਾਰ ਦੇ ਜੀਵਨ ਦੀ ਸਰਿਸ਼ਟੀ। ਫਿਰ ਇਹ ਵਿਰਤਾਂਤ ਤੁਰੰਤ ਮਨੁੱਖਜਾਤੀ ਦੀ ਸਰਿਸ਼ਟੀ ਵੱਲ ਚਲਿਆ ਜਾਂਦਾ ਹੈ - ਨਰ ਅਤੇ ਨਾਰੀ, ਜੋ ਪਰਮੇਸ਼ੁਰ ਦੇ ਸਰੂਪ ਵਿੱਚ ਸਿਰਜੇ ਜਾਣ ਕਰਕੇ ਉਸ ਦੀ ਸਰਿਸ਼ਟੀ ਵਿੱਚ ਸਰਬਉੱਚ ਹਨ। ਪਰਮੇਸ਼ੁਰ ਨੇ ਉਨ੍ਹਾਂ ਦੀ ਹਰੇਕ ਲੋੜ ਦੀ ਪੂਰਤੀ ਦਾ ਪ੍ਰਬੰਧ ਕੀਤਾ, ਉਨ੍ਹਾਂ ਨੂੰ ਇੱਕ ਉਚਿੱਤ ਵਾਤਾਵਰਣ ਵਿੱਚ ਰੱਖਿਆ ਅਤੇ ਉਨ੍ਹਾਂ ਨੂੰ ਅਜ਼ਾਦ ਇੱਛਾ ਅਤੇ ਆਪਣੇ ਜੀਵਨ ਦੀ ਦਿਸ਼ਾ ਦੀ ਚੋਣ ਕਰਨ ਦੀ ਸ਼ਕਤੀ ਦਿੱਤੀ (1:1-2:25)।

ਸਰਿਸ਼ਟੀ ਤੋਂ ਬਾਅਦ ਆਦਮ ਅਤੇ ਹੱਵਾਹ ਦੇ ਰਾਹੀਂ ਪਾਪ ਦਾ ਅਰੰਭ ਹੋਇਆ, ਜਿਸ ਦੇ ਕਾਰਣ ਕਇਨ ਨੇ ਆਪਣੇ ਭਰਾ ਹਾਬਲ ਦੀ ਹੱਤਿਆ ਕੀਤੀ ਅਤੇ ਇਸ ਤਰ੍ਹਾਂ ਇਹ ਪਾਪ ਸਾਰੀ ਮਨੁੱਖਜਾਤੀ ਵਿੱਚ ਫੈਲ ਗਿਆ। ਨਤੀਜੇ ਵਜੋਂ ਮਨੁੱਖ ਦਾ ਉਸ ਦੇ ਵਿਰੋਧੀ ਵਾਤਾਵਰਣ ਨਾਲ ਸੰਘਰਸ਼ ਅਰੰਭ ਹੋ ਗਿਆ ਅਤੇ ਉਸ ਦੀ ਮੌਤ ਵੀ ਆ ਗਈ (3:1-5:32)। ਪਾਪ ਦੇ ਵਿੱਚ ਮਨੁੱਖ ਦਾ ਪਤਨ ਜਾਰੀ ਰਿਹਾ ਅਤੇ ਇਹ ਇੱਕ ਮਰੀ ਵਾਂਗ ਸਾਰੀ ਧਰਤੀ ਉੱਤੇ ਛਾ ਗਿਆ, ਜਿਸ ਦੇ ਕਾਰਣ ਇਸ ਵਿੱਚ ਹਿੰਸਾ ਅਤੇ ਵਿਨਾਸ ਭਰ ਗਿਆ; ਪਰ ਪਰਮੇਸ਼ੁਰ ਦੀ ਕਿਰਪਾ ਦੇ ਵਸੀਲੇ ਇੱਕ ਵਿਅਕਤੀ ਅਤੇ ਉਸ ਦਾ ਪਰਿਵਾਰ ਜਲ ਪਰਲੋਂ ਤੋਂ ਬਚਾਏ ਗਏ ਜਿਸ ਨੂੰ ਪਰਮੇਸ਼ੁਰ ਨੇ ਮਨੁੱਖਜਾਤੀ ਦੀ ਦੁਸ਼ਟਤਾ ਦੀ ਸਜ਼ਾ ਵਜੋਂ ਘੱਲਿਆ ਸੀ (6:1-9:29)। ਉਸ ਤੋਂ ਬਾਅਦ ਮਨੁੱਖਾਂ ਨੇ ਆਪਣਾ ਨਾਮ ਉੱਚਾ ਕਰਨ ਲਈ ਬਾਬਲ ਦਾ ਅਜਿਹਾ ਬੁਰਜ ਬਣਾਉਣਾ ਚਾਹਿਆ ਜਿਸ ਦੀ ਟੀਸੀ ਅਕਾਸ਼ ਤੀਕ ਹੋਵੇ; ਪਰ ਪਰਮੇਸ਼ੁਰ ਨੇ ਉਨ੍ਹਾਂ ਦੇ ਜਤਨਾਂ ਨੂੰ ਵਿਫਲ ਕਰ ਦਿੱਤਾ, ਉਨ੍ਹਾਂ ਦੀ ਬੋਲੀ ਨੂੰ ਉਲਟ ਪੁਲਟ ਕਰ ਦਿੱਤਾ ਅਤੇ ਉਨ੍ਹਾਂ ਨੂੰ ਸਾਰੀ ਧਰਤੀ ਉੱਤੇ ਖਿੰਡਾ ਦਿੱਤਾ (10:1-

11:32)।

*ਅਧਿਆਇ 12-50.* ਵਿਸ਼ਵਵਿਆਪੀ ਪਾਪ ਅਤੇ ਸਜ਼ਾ ਦੇ ਵਿਰਤਾਂਤ ਤੋਂ ਬਾਅਦ ਉਤਪਤ ਦੇ ਦੂਜੇ ਵੱਡੇ ਭਾਗ ਦਾ ਕੇਂਦਰ ਸੌੜਾ ਹੋ ਜਾਂਦਾ ਹੈ। ਇਸ ਸੰਦਰਭ ਵਿੱਚ ਪਰਮੇਸ਼ੁਰ ਨੇ ਅਜਿਹੀਆਂ ਪ੍ਰਤਿੱਗਿਆਵਾਂ ਉਜਾਗਰ ਕੀਤੀਆਂ ਜਿਹੜੀਆਂ ਉਨ੍ਹਾਂ ਸਰਾਪਾਂ ਨੂੰ ਉਲਟ ਦੇਣਗੀਆਂ ਜੋ ਉਸ ਨੇ ਉਨ੍ਹਾਂ ਦੀ ਅਵੱਗਿਆ ਦੇ ਕਾਰਣ ਉਨ੍ਹਾਂ ਉੱਤੇ ਪਾਏ ਸਨ। ਇਹ ਅਧਿਆਇ ਇਸ ਪੁਸਤਕ ਦਾ ਕੇਂਦਰੀ ਹਿੱਸਾ ਹਨ, ਜਿਨ੍ਹਾਂ ਵਿੱਚ ਪਰਮੇਸ਼ੁਰ ਦੀ ਪਰਜਾ ਦਾ ਅਰੰਭ ਦਰਜ ਹੈ, ਖਾਸ ਕਰਕੇ ਅਬਰਾਮ/ਅਬਰਾਹਾਮ[8] ਅਤੇ ਉਸ ਦੀ ਅੰਸ ਦਾ ਇਤਹਾਸ।

1. ਇਸ ਹਿੱਸੇ ਦਾ ਅਰੰਭ ਪਰਮੇਸ਼ੁਰ ਵੱਲੋਂ ਅਬਰਾਹਾਮ ਨੂੰ ਊਰ (ਦੱਖਣੀ ਮਸੋਪੋਤਾਮੀਆ) ਵਿਚਲੇ ਉਸ ਦੇ ਘਰ ਨੂੰ ਛੱਡ ਕੇ ਕਨਾਨ ਦੇਸ ਨੂੰ ਜਾਣ ਲਈ ਦਿੱਤੇ ਗਏ ਸੱਦੇ ਤੋਂ ਹੁੰਦਾ ਹੈ, ਜਿੱਥੇ ਉਸ ਨੂੰ ਅਣਗਿਣਤ ਅਸੀਸਾਂ ਮਿਲਣੀਆਂ ਸਨ। ਇਨ੍ਹਾਂ ਵਿੱਚ ਭੂਮੀ, ਵੱਡਾ ਨਾਮ ਅਤੇ ਵੱਡੀ ਕੌਮ (ਹਾਲਾਂਕਿ ਉਸ ਵੇਲੇ ਉਸ ਦੀ ਕੋਈ ਸੰਤਾਨ ਨਹੀਂ ਸੀ) ਅਤੇ ਇਹ ਸੱਚਾਈ ਸ਼ਾਮਲ ਸੀ ਕਿ ਉਸ ਵਿੱਚ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ। ਅਬਰਾਹਾਮ ਨੂੰ ਉਸ ਦੀ ਨਿਹਚਾ ਦੇ ਨਾਲ ਸੰਘਰਸ਼ ਕਰਨਾ ਅਤੇ ਕਈ ਵਰ੍ਹਿਆਂ ਤੱਕ ਪਰਮੇਸ਼ੁਰ ਉੱਤੇ ਨਿਰਬਲ ਪਰ ਵਧਦੇ ਹੋਏ ਭਰੋਸੇ ਨਾਲ ਜੀਵਨ ਗੁਜ਼ਾਰਨਾ ਪਿਆ। ਕਾਫੀ ਲੰਮੇ ਸਮੇਂ ਤੋਂ ਬਾਅਦ ਉਸ ਦਾ ਵਿਸ਼ਵਾਸ ਤਕੜਾ ਹੋ ਗਿਆ ਅਤੇ ਪ੍ਰਤਿੱਗਿਆ ਕੀਤੇ ਹੋਏ ਪੁੱਤਰ, ਇਸਹਾਕ, ਦਾ ਜਨਮ ਹੋਇਆ (ਅਧਿਆਇ 21; ਵੇਖੋ ਅਧਿਆਇ 12-23)।

2. ਇਸਹਾਕ ਅਸਲ ਵਿੱਚ ਅਬਰਾਹਾਮ ਅਤੇ ਯਾਕੂਬ ਵਿਚਲੀ ਇੱਕ ਅਹਿਮ ਕੜੀ ਹੈ। ਉਸ ਦੇ ਜੀਵਨ ਦਾ ਲੇਖਾ ਬਹੁਤ ਹੀ ਸੰਖੇਪ ਵਿੱਚ ਹੈ। ਅਬਰਾਹਾਮ ਵੱਲੋਂ ਹਾਰਾਨ (ਜਿੱਥੇ ਉਸ ਦੇ ਪਿਤਾ ਦਾ ਕੁਝ ਘਰਾਣਾ ਅਜੇ ਵੀ ਵੱਸਦਾ ਸੀ) ਨੂੰ ਘੱਲੇ ਗਏ ਇੱਕ ਵਫ਼ਾਦਾਰ ਸੇਵਕ ਦੇ ਜ਼ਰੀਏ ਇਸਹਾਕ ਨੂੰ ਇੱਕ ਪਤਨੀ ਪ੍ਰਾਪਤ ਹੁੰਦੀ ਹੈ ਜਿਸ ਦਾ ਨਾਮ "ਰਿਬਕਾਹ" ਹੈ। ਉਹ ਕਈ ਵਰ੍ਹਿਆਂ ਤੱਕ ਬਾਂਝ ਰਹੀ; ਪਰ ਜਦ ਇਸਹਾਕ ਨੇ ਉਸ ਦੇ ਲਈ ਪ੍ਰਾਰਥਨਾ ਕੀਤੀ ਤਾਂ ਯਹੋਵਾਹ ਨੇ ਉਨ੍ਹਾਂ ਨੂੰ ਜੌੜੇ ਪੁੱਤਰਾਂ, ਏਸਾਓ ਅਤੇ ਯਾਕੂਬ, ਦੇ ਜਨਮ ਨਾਲ ਅਸੀਸ ਦਿੱਤੀ। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਇਸਹਾਕ ਦੇ ਨਾਲ ਆਪਣੇ ਨੇਮ ਦੀ ਪ੍ਰਤਿੱਗਿਆ ਨੂੰ ਮੁੜ ਨਵਾਂ ਕੀਤਾ; ਪਰ ਇਨ੍ਹਾਂ ਪ੍ਰਤਿੱਗਿਆਵਾਂ ਦੀ ਪੂਰਤੀ ਲਈ ਪਰਮੇਸ਼ੁਰ ਦੀ ਯੋਜਨਾ ਇਸਹਾਕ ਦੀ ਸੋਚ ਤੋਂ ਉਲਟ ਸੀ। ਉਨ੍ਹਾਂ ਦੀ ਅੰਸ ਦੀ ਅਸੀਸ ਉਸ ਦੇ ਲਾਡਲੇ ਪੁੱਤਰ ਏਸਾਓ ਦੇ ਜ਼ਰੀਏ ਅਗਾਂਹ ਨਹੀਂ ਵਧਣੀ ਸੀ, ਸਗੋਂ ਛੋਟੇ ਪੁੱਤਰ ਯਾਕੂਬ ਦੇ ਜ਼ਰੀਏ ਵਧਣੀ ਸੀ (24:1-25:26)।

3. ਯਾਕੂਬ ਦਾ ਵਿਰਤਾਂਤ ਇੱਕ ਅਜਿਹੇ ਵਿਅਕਤੀ ਬਾਰੇ ਹੈ ਜੋ ਆਪਣੀ ਉਮਰ ਦੇ ਜ਼ਿਆਦਾਤਰ ਸਮੇਂ ਵਿੱਚ ਖਰਾਈ ਨੂੰ ਲੈ ਕੇ ਸੰਘਰਸ਼ ਕਰਦਾ ਰਿਹਾ। ਅਜਿਹਾ ਜਾਪਦਾ ਸੀ ਕਿ ਸਕੀਮਾਂ ਘੜਣੀਆਂ ਅਤੇ ਧੋਖੇ ਦੇਣੇ ਉਸ ਦੀ ਜੀਵਨਸ਼ੈਲੀ ਬਣ ਗਿਆ ਸੀ। ਆਪਣੇ ਜੀਵਨ ਦੇ ਅਰੰਭਕ ਵਰ੍ਹਿਆਂ ਦੇ ਦੌਰਾਨ ਯਾਕੂਬ ਨੇ ਏਸਾਓ ਦਾ ਉਸ ਵੇਲੇ ਫਾਇਦਾ ਚੁੱਕਿਆ ਜਿਸ ਵੇਲੇ ਉਹ ਭੁੱਖਾ ਸੀ ਅਤੇ ਉਸ ਨੂੰ ਉਸ ਦਾ ਜੇਠੇ ਹੋਣ ਦਾ ਹੱਕ ਵੇਚਣ ਲਈ ਮਨਾ ਲਿਆ। ਜਦ ਉਸ ਦਾ ਪਿਤਾ ਬਜ਼ੁਰਗ ਹੋ ਗਿਆ ਅਤੇ ਉਸ ਦੀਆਂ ਅੱਖਾਂ ਧੁੰਦਲਾ ਗਈਆਂ ਸਨ, ਤਦ ਯਾਕੂਬ ਨੇ (ਆਪਣੀ ਮਾਂ ਰਿਬਕਾਹ ਨਾਲ ਰਲ ਕੇ) ਆਪਣੇ ਪਿਤਾ ਇਸਹਾਕ ਦੀ ਮੌਤ ਤੋਂ ਪਹਿਲਾਂ ਏਸਾਓ ਨੂੰ ਮਿਲਣ ਵਾਲੀਆਂ ਅਸੀਸਾਂ ਨੂੰ ਧੋਖੇ ਨਾਲ ਆਪਣੇ ਲਈ ਲੈ ਲਿਆ। ਫਿਰ ਆਪਣੇ ਭਰਾ ਦੇ ਕ੍ਰੋਧ ਤੋਂ ਬਚਣ ਲਈ ਯਾਕੂਬ ਉੱਪਰੀ ਮਸੋਪੋਤਾਮੀਆ ਵਿੱਚ ਹਾਰਾਨ ਨੂੰ ਨੱਸ ਗਿਆ। ਉਸ ਦੂਰ-ਦੁਰਾਡੇ ਦੇਸ ਵਿੱਚ ਜਾ ਕੇ ਇਸ ਸੇਰ ਦੀ ਮੁਲਾਕਾਤ ਸਵਾ ਸੇਰ ਦੇ ਨਾਲ ਹੁੰਦੀ ਹੈ ਕਿਉਂਕਿ ਉਸ ਦਾ ਮਾਮਾ ਲਾਬਾਨ ਵੀ ਹੰਢਿਆ ਹੋਇਆ ਫਰੇਬੀ ਅਤੇ ਚਾਲਬਾਜ ਸੀ। ਉਸ ਨੇ ਆਪਣੀਆਂ ਧੀਆਂ, ਰਾਖੇਲ

ਅਤੇ ਲੇਆਹ ਦੇ ਨਾਲ ਯਾਕੂਬ ਦਾ ਵਿਆਹ ਕਰਨ ਲਈ ਉਸ ਨੂੰ ਫਸਾ ਕੇ ਚੌਦਾਂ ਵਰ੍ਹੇ ਉਸ ਕੋਲੋਂ ਭੇਡਾਂ ਚਰਾਈਆਂ। ਲਾਬਾਨ ਨੇ ਫਿਰ ਝੂਠ ਬੋਲਿਆ ਜਦ ਉਸ ਨੇ ਯਾਕੂਬ ਨਾਲ ਵਾਇਦਾ ਕੀਤਾ ਕਿ ਜੇਕਰ ਉਹ ਹੋਰ ਛੇ ਸਾਲ ਉਸ ਦੇ ਕੋਲ ਕੰਮ ਕਰੇ ਤਾਂ ਉਹ ਉਸ ਨੂੰ ਬਹੁਤ ਸਾਰੀਆਂ ਭੇਡਾਂ-ਬੱਕਰੀਆਂ ਦੇਵੇਗਾ। ਪਰ ਫਿਰ ਵੀ ਯਹੋਵਾਹ ਯਾਕੂਬ ਦੇ ਨਾਲ ਸੀ ਅਤੇ ਉਸ ਨੂੰ ਬਹੁਤ ਸਾਰੇ ਇੱਜੜ ਅਤੇ ਡੰਗਰਾਂ ਨਾਲ ਅਸੀਸ ਦਿੱਤੀ। ਆਪਣੀ ਪਤਨੀਆਂ ਦੇ ਨਾਲ ਯਾਕੂਬ ਨੂੰ ਉਨ੍ਹਾਂ ਦੀਆਂ ਦੋ ਗੋੱਲੀਆਂ ਸੁਰੇਤ ਵਜੋਂ ਮਿਲੀਆਂ। ਇਨ੍ਹਾਂ ਚਾਰਾਂ ਇਸਤਰੀਆਂ ਨੇ ਯਾਕੂਬ ਦੇ ਤੇਰਾਂ ਬੱਚਿਆਂ ਨੂੰ ਜਨਮ ਦਿੱਤਾ (ਬਾਰਾਂ ਪੁੱਤਰ ਅਤੇ ਇੱਕ ਧੀ)। ਯਹੋਵਾਹ ਨੇ ਉਸ ਨਾਲ ਵੀ ਆਪਣੀ ਪ੍ਰਤਿੱਗਿਆ ਨੂੰ ਮੁੜ ਨਵਾਂ ਕੀਤਾ ਅਤੇ ਆਖਿਰਕਾਰ ਉਸ ਨੂੰ ਉਸ ਦੇ ਭਰਾ ਏਸਾਓ ਨਾਲ ਮੁੜ ਮਿਲਾਉਣ ਲਈ ਕਨਾਨ ਵਾਪਿਸ ਲੈ ਆਇਆ (25:27-35:15)।

4. ਯਾਕੂਬ ਦੇ ਲਾਡਲੇ ਪੁੱਤਰ ਯੂਸੁਫ਼ ਨੂੰ ਜਨਮ ਦੇਣ ਮਗਰੋਂ ਆਪਣੇ ਛੋਟੇ ਪੁੱਤਰ ਬਿਨਯਾਮੀਨ ਨੂੰ ਜਨਮ ਦਿੰਦਿਆਂ ਰਾਖੇਲ ਦੀ ਮੌਤ ਹੋ ਗਈ। ਯੂਸੁਫ਼ ਨੂੰ ਉਸ ਦੇ ਪਿਤਾ ਨੇ ਲਾਡ-ਪਿਆਰ ਨਾਲ ਪਾਲਿਆ ਜਿਸ ਦੇ ਕਾਰਣ ਉਸ ਦੇ ਭਰਾ ਉਸ ਤੋਂ ਸੜਣ ਲੱਗ ਪਏ। ਉਦਾਹਰਣ ਵਜੋਂ, ਯੂਸੁਫ਼ ਆਪਣੇ ਪਿਤਾ ਅੱਗੇ ਆਪਣੇ ਭਰਾਵਾਂ ਦੀਆਂ ਚੁਗਲੀਆਂ ਕਰਦਾ ਹੁੰਦਾ ਸੀ। ਉਸ ਨੇ ਇਹ ਸੁਫਨਾ ਦੱਸ ਕੇ ਆਪਣੇ ਸਾਰੇ ਪਰਿਵਾਰ ਨੂੰ ਕ੍ਰੋਧਿਤ ਕਰ ਦਿੱਤਾ ਕਿ ਇੱਕ ਦਿਨ ਉਹ ਸਾਰੇ ਉਸ ਦੇ ਅੱਗੇ ਗੋਡੇ ਟੇਕਣਗੇ। ਜਦ ਯੂਸੁਫ਼ ਸਤਾਰਾਂ ਵਰ੍ਹਿਆਂ ਦਾ ਹੋਇਆ, ਤਦ ਉਸ ਦੇ ਭਰਾਵਾਂ ਨੇ ਉਸ ਨੂੰ ਮਿਸਰ ਜਾ ਰਹੇ ਵਪਾਰੀਆਂ ਹੱਥ ਗੁਲਾਮ ਵਜੋਂ ਵੇਚ ਦਿੱਤਾ; ਅਤੇ ਆਪਣੇ ਪਿਤਾ ਨੂੰ ਉਨ੍ਹਾਂ ਆਖਿਆ ਕਿ ਕਿਸੇ ਜੰਗਲੀ ਜਾਨਵਰ ਨੇ ਉਸ ਨੂੰ ਪਾੜ ਖਾਧਾ ਹੈ (35:16-37:35)।

5. ਮਿਸਰ ਵਿੱਚ ਪਹਿਲਾਂ ਯੂਸੁਫ਼ ਫਿਰਊਨ ਦੇ ਅੰਗਰੱਖਿਅਕਾਂ ਦੇ ਸਰਦਾਰ ਪੋਟੀਫ਼ਰ ਦੇ ਘਰੇ ਗੁਲਾਮ ਰਿਹਾ। ਜਦ ਪੋਟੀਫ਼ਰ ਦੀ ਪਤਨੀ ਨੇ ਉਸ ਉੱਤੇ ਇਹ ਝੂਠਾ ਇਲਜ਼ਾਮ ਲਗਾਇਆ ਕਿ ਉਸ ਨੇ ਉਸ ਨਾਲ ਜਬਰਦਸਤੀ ਕਰਨ ਦਾ ਜਤਨ ਕੀਤਾ ਹੈ, ਤਾਂ ਉਸ ਨੂੰ ਕੈਦਖਾਨੇ ਵਿੱਚ ਸੁੱਟ ਦਿੱਤਾ ਗਿਆ। ਪਰ ਫਿਰ ਵੀ, ਇਨ੍ਹਾਂ ਹਾਲਾਤਾਂ ਵਿੱਚ ਵੀ ਪਰਮੇਸ਼ੁਰ ਯੂਸੁਫ਼ ਦੇ ਨਾਲ ਸੀ ਅਤੇ ਉਸ ਦੇ ਸੰਗੀ ਕੈਦੀਆਂ ਦੇ ਸੁਫਨੇ ਦਾ ਅਰਥ ਦੱਸਣ ਦੀ ਯੋਗਤਾ ਉਸ ਨੂੰ ਬਖਸ਼ੀ। ਅੰਤ ਵਿੱਚ ਉਸ ਨੇ ਫਿਰਊਨ ਦੇ ਸੁਫਨੇ ਦਾ ਅਰਥ ਦੱਸਿਆ ਕਿ ਕਿਵੇਂ ਮਿਸਰ ਵਿੱਚ ਸੱਤ ਵਰ੍ਹੇ ਭਰਪੂਰੀ ਦੇ ਆਉਣਗੇ ਅਤੇ ਉਨ੍ਹਾਂ ਤੋਂ ਬਾਅਦ ਸੱਤ ਵਰ੍ਹਿਆਂ ਦਾ ਭਿਅੰਕਰ ਅਕਾਲ ਪਵੇਗਾ। ਜਦ ਫਿਰਊਨ ਨੇ ਸਿਆਣਿਆ ਕਿ ਯੂਸੁਫ਼ ਦੇ ਪਰਮੇਸ਼ੁਰ ਨੇ ਉਸ ਉੱਤੇ ਇਸ ਸੁਫਨੇ ਦਾ ਅਰਥ ਪਰਗਟ ਕੀਤਾ ਹੈ, ਤਾਂ ਉਸ ਨੇ ਯੂਸੁਫ਼ ਨੂੰ ਮਿਸਰ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਅਤੇ ਆਉਣ ਵਾਲੇ ਅਕਾਲ ਦੇ ਵਰ੍ਹਿਆਂ ਦੀ ਤਿਆਰੀ ਕਰਨ ਦਾ ਸਾਰਾ ਇਖ਼ਤਿਆਰ ਦਿੱਤਾ।

ਸਮਾਂ ਬੀਤਣ ਦੇ ਨਾਲ-ਨਾਲ ਭੂਮੱਧ ਸਾਗਰ ਦੇ ਦੱਖਣ-ਪੂਰਬੀ ਖੇਤਰ ਵਿੱਚ ਸੋਕਾ ਅਤੇ ਅਕਾਲ ਪਿਆ ਅਤੇ ਯਾਕੂਬ ਨੇ ਆਪਣੇ ਪੁੱਤਰਾਂ ਨੂੰ ਅੰਨ ਖਰੀਦਣ ਲਈ ਮਿਸਰ ਘੱਲਿਆ। ਯੂਸੁਫ਼ ਨੇ ਉਨ੍ਹਾਂ ਨੂੰ ਸਿਆਣ ਲਿਆ, ਪਰ ਉਨ੍ਹਾਂ ਨੇ ਉਸ ਨੂੰ ਨਾ ਸਿਆਣਿਆ; ਸੋ ਉਸ ਨੇ ਉਨ੍ਹਾਂ ਨੂੰ ਪਰਖਣਾ ਅਰੰਭ ਕੀਤਾ। ਪਹਿਲਾਂ ਉਸ ਨੇ ਉਨ੍ਹਾਂ ਉੱਤੇ ਭੇਤੀਏ ਹੋਣ ਦਾ ਦੋਸ਼ ਲਗਾਇਆ ਅਤੇ ਫਿਰ ਉਨ੍ਹਾਂ ਸਾਰਿਆਂ ਨੂੰ ਕੈਦਖਾਨੇ ਵਿੱਚ ਪਾ ਦਿੱਤਾ। ਫਿਰ ਉਸ ਨੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਉਨ੍ਹਾਂ ਦੇ ਪਿਤਾ ਲਈ ਭੋਜਨ ਲਿਜਾਣ ਲਈ ਘੱਲ ਦਿੱਤਾ ਪਰ ਸ਼ਿਮਓਨ ਨੂੰ ਤਦ ਤੱਕ ਲਈ ਕੈਦਖਾਨੇ ਵਿੱਚ ਪਾ ਦਿੱਤਾ ਜਦ ਤੱਕ ਉਹ ਬਿਨਯਾਮੀਨ ਨੂੰ ਲੈ ਕੇ ਵਾਪਿਸ ਨਹੀਂ ਆ ਜਾਂਦੇ। ਜਦ ਉਨ੍ਹਾਂ ਦਾ ਅੰਨ ਮੁੱਕ ਗਿਆ, ਤਾਂ ਯਾਕੂਬ ਨੇ ਆਪਣੇ ਪੁੱਤਰਾਂ ਨੂੰ ਬਿਨਯਾਮੀਨ ਨੂੰ ਨਾਲ ਲੈ ਕੇ ਮਿਸਰ ਜਾਣ ਅਤੇ ਹੋਰ ਅੰਨ ਲਿਆਉਣ ਦੀ ਇਜਾਜ਼ਤ ਦੇ ਦਿੱਤੀ। ਆਖਿਰਕਾਰ, ਯੂਸੁਫ਼ ਨੇ ਸਿਆਣ ਲਿਆ ਕਿ ਉਸ ਦੇ ਭਰਾ ਬਦਲ ਗਏ ਹਨ ਅਤੇ ਕਈ ਵਰ੍ਹੇ ਪਹਿਲਾਂ ਉਨ੍ਹਾਂ ਨੇ ਉਸ ਦੇ ਨਾਲ ਜੋ ਕੀਤਾ ਸੀ,

ਉਸ ਦੇ ਲਈ ਉਨ੍ਹਾਂ ਨੂੰ ਅਫਸੋਸ ਸੀ। ਇਸ ਕਰਕੇ ਉਹ ਆਪਣੇ ਆਪ ਨੂੰ ਉਨ੍ਹਾਂ ਅੱਗੇ ਉਜਾਗਰ ਕਰ ਦਿੰਦਾ ਹੈ ਅਤੇ ਉਨ੍ਹਾਂ ਨੂੰ ਕਨਾਨ ਵਾਪਿਸ ਘੱਲਦਾ ਹੈ ਭਈ ਉਹ ਆਪਣੇ ਪਿਤਾ ਅਤੇ ਬਾਕੀ ਦੇ ਘਰਾਣੇ ਨੂੰ ਗੋਸ਼ਨ ਦੇ ਇਲਾਕੇ ਵਿੱਚ ਲੈ ਆਉਣ ਤਾਂ ਜੋ ਉਹ ਉਸ ਦੇ ਨੇੜੇ ਵੱਸ ਸਕਣ।

ਉਤਪਤ ਦਾ ਸਮਾਪਨ ਯੂਸੁਫ਼ ਦੁਆਰਾ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਆਪਣੇ ਭਰਾਵਾਂ ਨੂੰ ਮੁੜ ਤਸੱਲੀ ਦੇਣ ਦੇ ਨਾਲ ਹੁੰਦਾ ਹੈ। ਉਹ ਵਾਇਦਾ ਕਰਦਾ ਹੈ ਕਿ ਉਹ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪੁਚਾਵੇਗਾ ਅਤੇ ਜ਼ੋਰ ਦਿੰਦਾ ਹੈ ਕਿ ਇਸ ਸਾਰੇ ਘਟਨਾਕ੍ਰਮ ਵਿੱਚ ਪਰਮੇਸ਼ੁਰ ਦਾ ਅਲੌਕਿਕ ਹੱਥ ਕੰਮ ਕਰਦਾ ਰਿਹਾ ਹੈ ਤਾਂ ਜੋ "ਬਹੁਤ ਸਾਰੇ ਲੋਕਾਂ ਨੂੰ ਜੀਉਂਦਾ ਰੱਖੇ" (50:20)। ਆਪਣੀ ਮੌਤ ਤੋਂ ਪਹਿਲਾਂ ਯੂਸੁਫ਼ ਆਪਣੇ ਭਰਾਵਾਂ ਨੂੰ ਚੇਤੇ ਕਰਾਉਂਦਾ ਹੈ ਕਿ ਪਰਮੇਸ਼ੁਰ ਉਸ ਨੇਮ ਦੇ ਪ੍ਰਤੀ ਵਫਾਦਾਰ ਰਹੇਗਾ ਜਿਹੜਾ ਉਸ ਨੇ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਕੀਤਾ ਸੀ। ਉਹ ਉਨ੍ਹਾਂ ਦੀ ਦੇਖਭਾਲ ਕਰੇਗਾ ਅਤੇ ਇੱਕ ਦਿਨ ਉਨ੍ਹਾਂ ਨੂੰ ਕਨਾਨ ਦੇਸ ਵਾਪਿਸ ਲੈ ਜਾਵੇਗਾ। ਕਿਉਂ ਜੋ ਮਿਸਰ ਉਨ੍ਹਾਂ ਦਾ ਸਥਾਈ ਘਰ ਨਹੀਂ ਸੀ, ਇਸ ਕਰਕੇ ਯੂਸੁਫ਼ ਉਨ੍ਹਾਂ ਨੂੰ ਨਿਰਦੇਸ਼ ਦਿੰਦਾ ਹੈ ਕਿ ਪ੍ਰਤਿੱਗਿਆ ਦੇ ਦੇਸ ਨੂੰ ਮੁੜਦਿਆਂ ਉਹ ਉਸ ਦੀਆਂ ਹੱਡੀਆਂ ਉੱਥੋਂ ਲੈ ਜਾਣ। ਇਹ ਆਖਰੀ ਸ਼ਬਦ ਅਧਿਆਇ 12 ਤੋਂ ਲੈ ਕੇ 50 ਤੱਕ ਨੂੰ ਆਪਸ ਵਿੱਚ ਬੰਨ੍ਹਦੇ ਹਨ ਅਤੇ ਪਾਠਕ ਨੂੰ ਆਉਣ ਵਾਲੀਆਂ ਘਟਨਾਵਾਂ ਲਈ ਤਿਆਰ ਕਰਦੇ ਹਨ।

## ਉਤਪਤ ਅਤੇ ਇਤਹਾਸ

ਉਤਪਤ ਵਿੱਚ ਅੱਤ ਪੁਰਾਤਨ ਘਟਨਾਵਾਂ, ਬੰਸਾਵਲੀਆਂ (ਅਧਿਆਇ 1-11) ਅਤੇ ਪੂਰਵਜਾਂ ਦੇ ਵਿਰਤਾਂਤਾਂ (ਅਧਿਆਇ 12-50) ਦੀ ਵਾਰਤਾ ਰਾਹੀਂ ਲੇਖਕ ਨੇ ਹਰੇਕ ਵਿਅਕਤੀ ਨੂੰ ਅਸਲ ਇਤਹਾਸਕ ਪਾਤਰ ਵਜੋਂ ਅਤੇ ਇਨ੍ਹਾਂ ਘਟਨਾਵਾਂ ਨੂੰ ਅਸਲ ਸਮਿਆਂ ਦੇ ਦੌਰਾਨ ਉਨ੍ਹਾਂ ਦੇ ਜੀਵਨ ਵਿੱਚ ਹੁੰਦਿਆਂ ਦਰਸਾਇਆ ਹੈ। ਹਾਲਾਂਕਿ ਕੁਝ ਲੋਕਾਂ ਨੇ ਪੂਰਵਜਾਂ ਦੇ ਇਤਹਾਸਕ ਵਜੂਦ ਉੱਤੇ ਸਵਾਲ ਚੁੱਕੇ ਹਨ, ਤਾਂ ਵੀ ਮੂਲ ਪਾਠ ਨੂੰ ਸਿੱਧਾ ਪੜ੍ਹਦਿਆਂ ਇਹ ਉਜਾਗਰ ਹੋ ਜਾਂਦਾ ਹੈ ਕਿ ਇਹ ਵਿਅਕਤੀ ਕਿਸੇ ਕਬੀਲੇ ਦੀ ਮਨਘੜਤ ਕਹਾਣੀਆਂ ਜਾਂ ਉਨ੍ਹਾਂ ਦੀਆਂ ਕਲਪਨਾਵਾਂ ਦੀ ਕਾਢ ਨਹੀਂ ਹਨ। ਕਿਉਂ ਜੋ ਪੁਰਾਤਨ ਇਤਹਾਸ ਦਾ ਸੰਬੰਧ ਅਜਿਹੇ ਵਿਅਕਤੀਆਂ ਅਤੇ ਰਾਸ਼ਟਰਾਂ ਦੇ ਸਥਾਪਿਤ ਸ਼ਬਦਾਂ ਅਤੇ ਘਟਨਾਵਾਂ ਦੇ ਨਾਲ ਹੈ ਜਿਨ੍ਹਾਂ ਨੂੰ ਨਾ ਤਾਂ ਕਦੇ ਦੁਬਾਰਾ ਵੇਖਿਆ ਜਾ ਸਕਦਾ ਹੈ, ਨਾ ਦੁਹਰਾਇਆ ਜਾ ਸਕਦਾ ਹੈ ਅਤੇ ਨਾ ਹੀ ਸਟੀਕਤਾ ਲਈ ਪੂਰੀ ਤਰ੍ਹਾਂ ਨਿਸ਼ਚਿਤ ਹੋ ਕੇ ਉਨ੍ਹਾਂ ਦੀ ਜਾਂਚ ਕੀਤੀ ਜਾ ਸਕਦੀ ਹੈ, ਇਸ ਕਰਕੇ ਇਤਹਾਸ ਹਮੇਸ਼ਾ ਇਸ ਵਿਸ਼ਵਾਸ ਉੱਤੇ ਟਿਕਿਆ ਹੁੰਦਾ ਹੈ ਕਿ ਇਹ ਲੇਖ - ਭਾਵੇਂ ਮੌਖਿਕ ਜਾਂ ਲਿਖਤ - ਪੂਰੀ ਵਫਾਦਾਰੀ ਨਾਲ ਸੁਰੱਖਿਅਤ ਰੱਖ ਗਏ ਹਨ।

ਪਵਿੱਤਰ ਸ਼ਾਸਤਰ ਦੀ ਪ੍ਰੇਰਣਾ ਅਤੇ ਇਖ਼ਤਿਆਰ ਵਿੱਚ ਵਿਸ਼ਵਾਸ ਕਰਨ ਵਾਲੇ ਲੋਕ ਇਸ ਤੱਥ ਨੂੰ ਸਵੀਕਾਰ ਕਰਦੇ ਹਨ ਕਿ ਪਵਿੱਤਰ ਆਤਮਾ ਨੇ ਬਾਈਬਲ ਦੇ ਲੇਖਕਾਂ ਦੀ ਅਗਵਾਈ ਕੀਤੀ ਕਿ ਉਹ ਉਨ੍ਹਾਂ ਗੱਲਾਂ ਨੂੰ ਸੁਰੱਖਿਅਤ ਰੱਖਣ ਜਿਨ੍ਹਾਂ ਨੂੰ ਪਰਮੇਸ਼ੁਰ ਸਾਡੇ ਕੋਲ ਪੁਚਾਉਣਾ ਚਾਹੁੰਦਾ ਸੀ ਕਿ ਕਿਵੇਂ ਕਾਇਨਾਤ ਅਤੇ ਮਨੁੱਖਜਾਤੀ ਦੀ ਸਰਿਸ਼ਟੀ ਹੋਈ, ਪਾਪ ਦਾ ਅਰੰਭ ਹੋਇਆ ਅਤੇ ਇਸ ਦੇ ਨਤੀਜੇ ਕੀ ਨਿਕਲੇ ਅਤੇ ਛੁਟਕਾਰੇ ਦੀ ਯੋਜਨਾ ਬਣੀ, ਜਿਸ ਨੂੰ ਪੂਰਾ ਕਰਨ ਦਾ ਕੰਮ ਯਹੋਵਾਹ ਨੇ ਅਬਰਾਹਾਮ ਅਤੇ ਉਸ ਦੀ ਅੰਸ ਤੋਂ ਅਰੰਭ ਕੀਤਾ। ਪਰ ਫਿਰ ਵੀ, ਵਿਆਹ ਨਾਲ ਸੰਬੰਧਤ ਅਜਿਹੇ ਪਪਾਇਰਸ ਦਸਤਾਵੇਜ਼, ਚਰਮ ਪੱਤਰ, ਮਿੱਟੀ ਦੀਆਂ ਪੱਟੀਆਂ ਜਾਂ ਸ਼ਿਲਾਲੇਖ ਨਹੀਂ ਮਿਲੇ ਹਨ ਜਿਹੜੇ ਉਤਪਤ ਦੀ ਪੁਸਤਕ ਵਿੱਚ ਦਰਜ ਕਿਸੇ ਵੀ ਪੂਰਵਜ ਬਾਰੇ ਦੱਸਦੇ ਹੋਣ।[9]

ਇਸ ਤੋਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿਉਂਕਿ ਪੁਰਾਤਨ ਸਮਿਆਂ ਵਿੱਚ ਬਹੁਤ ਘੱਟ ਜਾਣਕਾਰੀ ਨੂੰ ਹੀ ਲਿਖਤ ਰੂਪ ਦਿੱਤਾ ਜਾਂਦਾ ਸੀ। ਅਨੇਕ ਮਾਹਿਰ ਲੋਕਾਂ ਦੀ ਮਾਨਤਾ ਇਹ ਹੈ ਕਿ ਪੁਰਾਤੱਤਵ ਸ਼ਾਸਤਰੀਆਂ ਨੂੰ ਸੁਰੱਖਿਅਤ ਬਚੇ ਲੇਖਾਂ ਵਿੱਚੋਂ ਅਜੇ ਬਹੁਤ ਥੋੜੇ ਹੀ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਉਤਪਤ ਦੀ ਪੁਸਤਕ ਵਿੱਚ ਜਿਨ੍ਹਾਂ ਵਿਅਕਤੀਆਂ ਦੇ ਨਾਮ ਦਰਜ ਹਨ, ਉਹ ਪੁਰਾਤਨ ਮੱਧ ਪੂਰਬ ਦੇ ਧਨਵਾਨ ਅਤੇ ਪ੍ਰਸਿੱਧ ਲੋਕ ਨਹੀਂ ਸਨ; ਸਗੋਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਤਾਂ ਖਾਨਾਬਦੋਸ਼ ਸਨ ਜੋ ਇੱਧਰ-ਉੱਧਰ ਘੁੰਮਦੇ ਰਹਿੰਦੇ ਸਨ ਜਿਨ੍ਹਾਂ ਉੱਤੇ ਕੋਈ ਬਹੁਤਾ ਧਿਆਨ ਨਹੀਂ ਦਿੰਦਾ ਸੀ। ਇਨ੍ਹਾਂ ਵਿੱਚੋਂ ਇੱਕਮਾਤਰ ਅਪਵਾਦ ਯੂਸੁਫ਼ ਹੈ, ਜਿਸ ਨੂੰ ਮਿਸਰ ਵਿੱਚ ਫਿਰਊਨ ਤੋਂ ਥੋੜਾ ਹੇਠਾਂ ਪ੍ਰਧਾਨ ਮੰਤਰੀ ਦੀ ਪਦਵੀ ਮਿਲੀ ਸੀ। ਇੱਥੋਂ ਤੱਕ ਕਿ ਜੇਕਰ ਉਸ ਦਾ ਨਾਮ ਵੀ ਕਿਸੇ ਸ਼ਿਲਾਲੇਖ ਉੱਤੇ ਉਕੇਰਿਆ ਗਿਆ ਸੀ, ਤਾਂ ਉਹ ਬਚ ਨਹੀਂ ਸਕਦਾ ਸੀ ਕਿਉਂਕਿ ਸੰਭਵ ਹੈ ਕਿ ਯੂਸੁਫ਼ ਮਿਸਰ ਦੇ ਉਸ ਹਿਕਸੋਸ ਰਾਜਵੰਸ਼ ਦਾ ਹਿੱਸਾ ਬਣਿਆ ਸੀ ਜਿਸ ਨਾਲ ਹਰ ਕੋਈ ਨਫਰਤ ਕਰਦਾ ਸੀ। ਇਹ ਰਾਜੇ ਗੈਰਮਿਸਰੀ ਸਨ, ਸੀਰਿਯਾ ਅਤੇ ਕਨਾਨ ਤੋਂ ਆਏ ਸੈਮਿਟਿਕ ਸ਼ਾਸਕ ਸਨ, ਜਿਨ੍ਹਾਂ ਨੇ ਮਿਸਰ ਉੱਤੇ ਲਗਭਗ 100 ਤੋਂ 150 ਵਰ੍ਹਿਆਂ ਤੱਕ ਸ਼ਾਸਨ ਕੀਤਾ ਸੀ। ਜਦ ਉਨ੍ਹਾਂ ਨੂੰ ਉੱਥੋਂ ਖਦੇੜਿਆ ਗਿਆ ਤਾਂ ਉਨ੍ਹਾਂ ਦੇ ਨਾਮੋ-ਨਿਸ਼ਾਨ ਨੂੰ ਮਿਟਾਉਣ ਲਈ ਅਤੇ ਮਿਸਰ ਵਿੱਚੋਂ ਉਨ੍ਹਾਂ ਦੇ ਸ਼ਾਸਨ ਦੀ ਹਰੇਕ ਯਾਦਗਾਰੀ ਨੂੰ ਖਤਮ ਕਰਨ ਲਈ ਮਿਸਰੀਆਂ ਨੇ ਉਹ ਸਭ ਕੀਤਾ ਜੋ ਉਹ ਕਰ ਸਕਦੇ ਸਨ।[10] ਪਰ ਇਹ ਵੀ ਸੰਭਵ ਹੈ ਕਿ ਯੂਸੁਫ਼ ਹਿਕਸੋਸ ਰਾਜਿਆਂ ਦੇ ਸਮੇਂ ਤੋਂ ਪਹਿਲਾਂ ਹੋਇਆ ਸੀ।

## ਪੁਰਾਤੱਤਵ ਅਤੇ ਪੂਰਵਜਾਂ ਦੇ ਨਾਮ

ਹਾਲਾਂਕਿ ਪੁਰਾਤੱਤਵ ਖੋਜਾਂ ਇਨ੍ਹਾਂ ਪੂਰਵਜਾਂ ਦੇ ਇਤਹਾਸਕ ਵਜੂਦ ਦੀ ਪੁਸ਼ਟੀ ਨਹੀਂ ਕਰ ਸਕੀਆਂ ਹਨ ਅਤੇ ਕੁਝ ਵਿਦਵਾਨ ਬਾਈਬਲ ਦੇ ਵਿਰਤਾਂਤਾਂ ਅਤੇ ਪੁਰਾਤਨ ਮਸੋਪੋਤਾਮੀਆ ਦੀਆਂ ਸਭਿਆਚਾਰਕ ਪਰੰਪਰਾਵਾਂ ਵਿੱਚ ਸਮਾਨਤਾ ਭਾਲਣ ਲਈ ਬਹੁਤ ਜੋਸ਼ੀਲੇ ਹਨ, ਤਾਂ ਵੀ ਉਤਪਤ ਦੀ ਪੁਸਤਕ ਵਿੱਚ ਮਿਲਣ ਵਾਲੇ ਬਹੁਤ ਸਾਰੇ ਵੇਰਵੇ ਇਸ ਦੀ ਸਮੱਗਰੀ ਦੀ ਪੁਰਾਤਨਤਾ ਦਾ ਸਮਰਥਨ ਕਰਦੇ ਹਨ। ਮੌਜੂਦਾ ਪ੍ਰਮਾਣਾਂ ਨੇ ਇਸ ਸੰਭਾਵਨਾ ਨੂੰ ਬਹੁਤ ਹੱਦ ਤੱਕ ਝੁਠਲਾ ਦਿੱਤਾ ਹੈ ਕਿ ਇਹ ਵਿਰਤਾਂਤ ਜਿਸ ਸਮੇਂ ਦਾ ਵੇਰਵਾ ਪੇਸ਼ ਕਰਦੇ ਹਨ ਉਸ ਤੋਂ 1,000 ਜਾਂ 1,500 ਵਰ੍ਹਿਆਂ ਤੋਂ ਬਾਅਦ ਦੇ ਸਮੇਂ ਵਿੱਚ ਯਹੂਦੀ ਲੇਖਕਾਂ ਦੁਆਰਾ ਲਿਖੀਆਂ ਗਈਆਂ ਕਹਾਣੀਆਂ ਹਨ, ਜਿਵੇਂ ਕਿ ਕੁਝ ਵਿਦਵਾਨਾਂ ਨੇ ਤਰਕ ਪੇਸ਼ ਕੀਤੇ ਹਨ। ਇਸ ਦੇ ਉਲਟ ਹੋਰ ਪੁਰਾਤਨ ਲਿਖਤਾਂ ਬਾਈਬਲ ਦੇ ਵਿਰਤਾਂਤਾਂ ਦੀ ਅਨੇਕ ਥਾਂਵਾਂ ’ਤੇ ਪੁਸ਼ਟੀ ਕਰਦੀਆਂ ਹਨ।

ਪਹਿਲਾ, ਪੂਰਵਜਾਂ ਦੇ ਬਿਰਤਾਂਤਾ ਵਿੱਚ ਦਰਜ ਨਾਮ ਉਸੇ ਤਰ੍ਹਾਂ ਦੇ ਨਾਮ ਹਨ ਜਿਹੜੇ ਈ.ਪੂ. ਦੇ ਦੂਜੇ ਮਿਲੇਨਿਅਮ ਦੇ ਅਰੰਭ ਵਿੱਚ ਮਸੋਪੋਤਾਮੀਆ ਵਿੱਚ ਇਸਤੇਮਾਲ ਕੀਤੇ ਜਾਂਦੇ ਸਨ, ਜਿਵੇਂ ਕਿ “ਸਰੂਗ” (ਅਬਰਾਹਾਮ ਦਾ ਪਰਦਾਦਾ), “ਨਾਹੋਰ” (ਅਬਰਾਹਾਮ ਦਾ ਭਰਾ) ਅਤੇ “ਯਾਕੂਬ” (ਅਬਰਾਹਾਮ ਦਾ ਪੋਤਾ)।

ਦੂਜਾ, ਬਾਈਬਲ ਵਿੱਚ ਦਰਜ ਲੇਖ ਦੱਸਦੇ ਹਨ ਕਿ ਤਾਰਹ, ਅਬਰਾਹਾਮ ਅਤੇ ਨਾਹੋਰ ਦਾ ਜੱਦੀ ਘਰ ਫ਼ਰਾਤ ਦੇ ਹੇਠਲੇ ਇਲਾਕੇ ਵਿੱਚ ਸਥਿਤ ਊਰ ਨਗਰ ਸੀ ਅਤੇ ਪਰਮੇਸ਼ੁਰ ਤੋਂ ਸੱਦਾ ਮਿਲਣ ਤੋਂ ਪਹਿਲਾਂ “ਓਹ ਦੂਜੇ ਦੇਵਤਿਆਂ ਦੀ ਉਪਾਸਨਾ ਕਰਦੇ ਸਨ” (ਯਹੋਸ਼ੁਆ 24:2)। “ਲਾਬਾਨ,” “ਸਾਰਾਹ,” “ਮਿਲਕਾਹ,” ਅਤੇ “ਤਾਰਹ” ਵਰਗੇ ਨਾਮ ਚੰਦ ਦੀ ਪੂਜਾ ਨਾਲ ਸੰਬੰਧਤ ਪ੍ਰਤੀਤ ਹੁੰਦੇ ਹਨ, ਜਿਸ ਦੇ ਦੇਵੀ-ਦੇਵਤੇ ਉਸ ਪੁਰਾਤਨ ਨਗਰ ਵਿੱਚ ਬਹੁਤ ਪ੍ਰਸਿੱਧ ਸਨ ਅਤੇ ਹਾਰਾਨ ਵਿੱਚ ਵੀ, ਜਿੱਥੇ ਬਾਅਦ ਵਿੱਚ ਅਬਰਾਹਾਮ ਦਾ ਪਰਿਵਾਰ ਵੱਸ ਗਿਆ ਸੀ।[11]

ਤੀਜਾ, "ਅਬਰਾਹਾਮ," "ਇਸਹਾਕ," "ਇਸਮਾਏਲ," "ਯਾਕੂਬ," "ਯੂਸੁਫ਼," "ਜਬੂਲੂਨ," "ਆਸ਼ੇਰ," "ਯਿੱਸਾਕਾਰ," "ਬਿਨਯਾਮੀਨ," ਅਤੇ ਇਹੋ ਜਿਹੇ ਹੋਰ ਨਾਮ ਫ਼ਰਾਤ ਦੇ ਮੱਧ ਅਤੇ ਉਤਲੇ ਇਲਾਕੇ ਵਿੱਚੋਂ ਅਨੇਕਾਂ ਸਮੱਗਰੀਆਂ ਉੱਤੇ ਮਿਲੇ ਹਨ, ਜਿਹੜੇ ਉਸੇ ਕਾਲ ਵਿੱਚੋਂ ਹਨ। ਹਾਲਾਂਕਿ ਇਨ੍ਹਾਂ ਵਿੱਚੋਂ ਕੁਝ ਨਾਮ ਪਹਿਲੇ ਮਿਲੇਨਿਅਮ ਵਿੱਚੋਂ ਹਨ, ਤਾਂ ਵੀ ਇਸ ਤੋਂ ਇਨ੍ਹਾਂ ਦੀ ਪੁਰਾਤਨਤਾ ਉੱਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ ਕਿਉਂਕਿ ਇਹ ਨਾਮ ਪੁਰਾਤਨ ਪ੍ਰਕਾਰ ਦੇ ਹਨ। ਇਨ੍ਹਾਂ ਨਾਮਾਂ ਦੀ ਦੂਜੇ ਮਿਲੇਨਿਅਮ ਦੇ ਪਹਿਲੇ ਅੱਧੇ ਹਿੱਸੇ ਵਿਚਲੀ ਪ੍ਰਸਿੱਧੀ ਦੀ ਤੁਲਨਾ ਹੋਰ ਕਿਸੇ ਵੀ ਸਮੇਂ ਵਿੱਚ ਵੇਖਣ ਨੂੰ ਨਹੀਂ ਮਿਲਦੀ।[12]

## ਪੁਰਾਤੱਤਵ ਅਤੇ ਪੂਰਵਜਾਂ ਦੀਆਂ ਸਭਿਆਚਾਰਕ ਪਰੰਪਰਾਵਾਂ

ਕਿਉਂ ਜੋ ਉਤਪਤ ਵਿੱਚ ਪਰਿਵਾਰਕ ਮਸਲੇ ਬਹੁਤ ਮਹੱਤਵਪੂਰਣ ਹਨ, ਇਸ ਕਰਕੇ ਇਹ ਸੁਭਾਵਕ ਹੀ ਹੈ ਕਿ ਵਿਦਵਾਨਾਂ ਨੇ ਇਨ੍ਹਾਂ ਪੂਰਵਜਾਂ ਦੀਆਂ ਵਿਆਹ, ਵਿਰਸੇ, ਮੁਰਦਿਆਂ ਨੂੰ ਦਫਨਾਏ ਜਾਣ ਨਾਲ ਸੰਬੰਧਤ ਅਤੇ ਹੋਰ ਸਭਿਆਚਾਰਕ ਪਰੰਪਰਾਵਾਂ ਦੀ ਤੁਲਨਾ ਪੁਰਾਤਨ ਮਸੋਪੋਤਾਮੀਆ ਦੇ ਹੋਰਨਾਂ ਲੋਕਾਂ ਦੀਆਂ ਪਰੰਪਰਾਵਾਂ ਨਾਲ ਕੀਤੀ ਹੈ, ਜਿਵੇਂ ਕਿ ਉਨ੍ਹਾਂ ਦੀਆਂ ਲਿਖਤਾਂ ਵਿੱਚ ਇਨ੍ਹਾਂ ਨੂੰ ਦਰਸਾਇਆ ਗਿਆ ਹੈ। ਪਰ ਫਿਰ ਵੀ, ਅਜਿਹਾ ਕਰਨ ਵਿੱਚ ਬਹੁਤ ਹੱਦਾਂ ਵੀ ਪਾਰ ਨਹੀਂ ਕੀਤੀਆਂ ਜਾ ਸਕਦੀਆਂ ਕਿ ਉਤਪਤ ਅਤੇ ਹੋਰਨਾਂ ਪੁਰਾਤਨ ਪਰੰਪਰਾਵਾਂ ਵਿਚਕਾਰ ਝੂਠੀਆਂ ਤੁਲਨਾਵਾਂ ਕੀਤੀਆਂ ਜਾਣ। ਦੂਜੇ ਪਾਸੇ, ਅਜਿਹੇ ਤਿੰਨ ਖੇਤਰ ਹਨ ਜਿਨ੍ਹਾਂ ਸਦਕਾ ਪੂਰਵਜਾਂ ਦੀਆਂ ਪਰੰਪਰਾਵਾਂ ਨਿਸ਼ਚਿਤ ਤੌਰ 'ਤੇ ਈ.ਪੂ. ਦੇ ਦੂਜੇ ਮਿਲੇਨਿਅਮ ਦਾ ਹਿੱਸਾ ਜਾਪਦੀਆਂ ਹਨ, ਬਜਾਇ ਇਸ ਦੇ ਕਿ ਇਹ ਉਸ ਦੌਂ ਬਾਅਦ ਦੇ ਸਮੇਂ ਦੀਆਂ ਹੋਣ।

ਪਹਿਲਾ, ਉਤਪਤ 25:23 ਵਿੱਚ ਵੱਡੇ ਪੁੱਤਰ ਦਾ ਹਵਾਲਾ ਦੇਣ ਲਈ ਇਬਰਾਨੀ ਦੇ רַב (*ਰਬ*) ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਜਿੱਥੇ ਯਹੋਵਾਹ ਏਸਾਓ ਅਤੇ ਯਾਕੂਬ ਬਾਰੇ ਆਖਦਾ ਹੈ ਕਿ, "ਵੱਡਾ ਛੋਟੇ ਦੀ ਟਹਿਲ ਕਰੇਗਾ।" ਈ.ਪੂ. ਦੇ ਦੂਜੇ ਮਿਲੇਨਿਅਮ ਦੇ ਮੱਧ ਵਿਚਲੀਆਂ ਹੋਰਨਾਂ ਲਿਖਤਾਂ ਵਿੱਚ ਵੀ "ਵੱਡੇ" ਪੁੱਤਰ ਦਾ ਹਵਾਲਾ ਦੇਣ ਲਈ ਇਸੇ ਸ਼ਬਦ, *ਰਬ*, ਦੀ ਵਰਤੋਂ ਕੀਤੀ ਗਈ ਹੈ; ਪਰ ਬਾਅਦ ਵਿੱਚ ਇਸ ਸ਼ਬਦ ਦੀ ਵਰਤੋਂ ਨੇ ਵੱਖਰਾ ਰੂਪ ਲੈ ਲਿਆ ਸੀ ਅਤੇ ਇਹ ਵੀ ਉਤਪਤ ਦੀਆਂ ਲਿਖਤਾਂ ਦੀ ਪੁਰਾਤਨਤਾ ਦਾ ਇੱਕ ਤਕੜਾ ਪ੍ਰਮਾਣ ਹੈ।[13]

ਦੂਜਾ, ਪੂਰਵਜਾਂ ਦੇ ਸਮੇਂ ਵਿੱਚ ਇਹ ਪ੍ਰਥਾ ਸੀ ਕਿ ਗੁਲਾਮ ਨੂੰ ਵਾਰਿਸ ਦਾ ਦਰਜਾ ਦਿੱਤਾ ਜਾਂਦਾ ਸੀ। ਨੂਜ਼ੀ ਤਖਤੀਆਂ ਦੇ ਅਨੁਸਾਰ ਜਿਸ ਦੰਪਤੀ ਦਾ ਕੋਈ ਪੁੱਤਰ ਨਹੀਂ ਹੁੰਦਾ ਸੀ, ਉਹ ਕਿਸੇ ਨੂੰ ਗੋਦ ਲੈਂਦੇ ਸਨ ਅਤੇ ਉਸ ਪੁੱਤਰ ਦੀ ਜ਼ਿੰਮੇਵਾਰੀ ਹੁੰਦੀ ਸੀ ਕਿ ਆਪਣੇ ਮਾਪਿਆਂ ਦੇ ਜੀਵਨਭਰ ਉਹ ਉਨ੍ਹਾਂ ਦੀ ਦੇਖਭਾਲ ਕਰੇ। ਉਨ੍ਹਾਂ ਦੀ ਮੌਤ ਹੋਣ 'ਤੇ ਉਹ ਉਨ੍ਹਾਂ ਨੂੰ ਸਾਰੀਆਂ ਰਸਮਾਂ ਅਨੁਸਾਰ ਦਫਨਾਏ ਅਤੇ ਉਨ੍ਹਾਂ ਲਈ ਵੈਣ ਪਾਏ ਅਤੇ ਬਦਲੇ ਵਿੱਚ ਗੋਦ ਲਏ ਗਏ ਇਸ ਪੁੱਤਰ ਨੂੰ ਉਨ੍ਹਾਂ ਦੀ ਸਾਰੀ ਸੰਪਤੀ ਮਿਲਦੀ ਸੀ।[14] ਇਹ ਸਪੱਸ਼ਟ ਹੈ ਕਿ ਅਬਰਾਹਾਮ ਦਮਿਸ਼ਕੀ ਅਲੀਅਜ਼ਰ ਦੇ ਨਾਲ ਇਹੋ ਕਰਨਾ ਚਾਹੁੰਦਾ ਸੀ, ਕਿਉਂਕਿ ਉਸ ਦਾ ਆਪਣਾ ਕੋਈ ਨਰ ਵਾਰਿਸ ਨਹੀਂ ਸੀ (15:2-4) ਅਤੇ ਉਸ ਦੀ ਉਮਰ ਲਗਭਗ ਪਚਾਸੀ ਵਰ੍ਹੇ ਹੋ ਚੁੱਕੀ ਸੀ (ਵੇਖੋ 12:4; 16:3)। ਪਰ ਇਹ ਪਰੰਪਰਾ ਈ.ਪੂ. ਦੇ ਪਹਿਲੇ ਮਿਲੇਨਿਅਮ ਵਿੱਚ ਢੁਕਵੀਂ ਨਹੀਂ ਬੈਠਦੀ, ਕਿਉਂਕਿ ਮੂਸਾ ਦੀ ਸ਼ਰਾ ਦੇ ਅਨੁਸਾਰ ਜਦ ਇਸਰਾਏਲ ਨੇ ਪ੍ਰਤਿੱਗਿਆ ਕੀਤੇ ਹੋਏ ਦੇਸ ਉੱਤੇ ਅਧਿਕਾਰ ਕਰ ਲਿਆ, ਤਾਂ ਉਸ ਦੀ ਮੀਰਾਸ ਗੋਤ ਦੇ ਪਰਿਵਾਰ ਦੇ ਵਿਚਾਲੇ ਹੀ ਰਹਿਣੀ ਚਾਹੀਦੀ ਸੀ (ਗਿਣਤੀ 27:1-11; 36:1-12)।

ਤੀਜਾ, ਪੂਰਵਜਾਂ ਦੇ ਧਾਰਮਿਕ ਅਤੇ ਨੈਤਿਕ ਰਿਵਾਜ਼ ਮੂਸਾ ਦੀ ਸ਼ਰਾ ਦੀਆਂ ਰਸਮਾਂ ਤੋਂ

ਪਹਿਲਾਂ ਦੇ ਦਿਖਾਈ ਦਿੰਦੇ ਹਨ; ਅਸਲ ਵਿੱਚ, ਉਹ ਤਾਂ ਸ਼ਰਾ ਦੇ ਨਿਯਮਾਂ ਦੇ ਉਲਟ ਸਨ। ਇਸ ਦਾ ਇੱਕ ਉਦਾਹਰਣ ਉਤਪਤ 20:12 ਵਿੱਚ ਵੇਖਿਆ ਜਾ ਸਕਦਾ ਹੈ, ਜਿੱਥੇ ਲਿਖਿਆ ਹੈ ਕਿ ਅਬਰਾਹਾਮ ਨੇ ਆਪਣੀ ਅੱਧੀ ਭੈਣ ਸਾਰਾਹ ਨਾਲ ਵਿਆਹ ਕੀਤਾ ਸੀ। ਪਰ ਇਸ ਉੱਤੇ ਲੇਵੀਆਂ 18:9 ਵਿੱਚ ਖਾਸ ਕਰਕੇ ਬੰਦਿਸ਼ ਲਗਾਈ ਗਈ ਹੈ। ਇਸ ਤੋਂ ਇਲਾਵਾ, ਉਤਪਤ 29:21-30 ਆਖਦਾ ਹੈ ਕਿ ਯਾਕੂਬ ਨੇ ਦੋ ਸਕੀਆਂ ਭੈਣਾਂ, ਰਾਖੇਲ ਅਤੇ ਲੇਆਹ ਨਾਲ ਵਿਆਹ ਕੀਤਾ ਸੀ। ਪਰ ਲੇਵੀਆਂ 18:18 ਵਿੱਚ ਇਸ ਦੀ ਸਖਤ ਮਨਾਹੀ ਕੀਤੀ ਗਈ ਹੈ। ਇਸ ਦੇ ਨਾਲ ਹੀ, ਉਤਪਤ 28:10-19 ਆਖਦਾ ਹੈ ਕਿ ਜਦ "ਯਹੋਵਾਹ" ਨੇ ਯਾਕੂਬ ਨੂੰ ਸੁਫਨੇ ਵਿੱਚ ਪਰਗਟ ਹੋ ਕੇ ਅਸੀਸ ਦਿੱਤੀ ਸੀ ਤਾਂ ਜਾਗਣ ਤੋਂ ਬਾਅਦ ਉਸ ਨੇ ਉਸ ਥਾਂ 'ਤੇ ਪਰਮੇਸ਼ੁਰ ਦੀ ਹਜ਼ੂਰੀ ਦੀ ਨਿਸ਼ਾਨੀ ਵਜੋਂ ਇੱਕ ਪੱਥਰ ਨੂੰ ਥੰਮ੍ਹ ਲਈ ਖੜਾ ਕੀਤਾ। ਅਜਿਹੀਆਂ ਪਰੰਪਰਾਵਾਂ ਨੂੰ ਤੌਰੇਤ ਦੀ ਸ਼ਰਾ ਵਿੱਚ ਸਖਤਾਈ ਨਾਲ ਨਿੰਦਿਆ ਗਿਆ ਸੀ ਕਿਉਂਕਿ ਇਸ ਤੋਂ ਇਸਰਾਏਲੀਆਂ ਦਾ ਕਨਾਨੀ ਮੂਰਤੀ ਪੂਜਾ ਦੀ ਪੱਧਤੀ ਵਿੱਚ ਸ਼ਾਮਲ ਹੋਣ ਦਾ ਖਤਰਾ ਸੀ (ਲੇਵੀਆਂ 26:1; ਬਿਵਸਥਾ ਸਾਰ 16:21, 22)। ਇਹ ਵਿਸ਼ਲੇਸ਼ਣ ਮਜਬੂਤੀ ਨਾਲ ਸੁਝਾਉ ਦਿੰਦੇ ਹਨ ਕਿ ਪੂਰਵਜਾਂ ਦੇ ਵਿਰਤਾਂਤ ਇਤਹਾਸਕ ਹਨ ਅਤੇ ਪਹਿਲੇ ਮਿਲੇਨਿਅਮ ਦੇ ਬਾਅਦ ਦੇ ਸਮੇਂ ਵਿਚਲੇ ਯਹੂਦੀ ਲੇਖਕਾਂ ਦੀਆਂ ਕਾਢਾਂ ਨਹੀਂ ਹਨ।

## ਧਾਰਮਿਕ ਸਿੱਖਿਆ[15]

### ਸਰਿਸ਼ਟੀ ਵਿੱਚ ਪਰਮੇਸ਼ੁਰ ਦੇ ਉਦੇਸ਼ (ਅਧਿਆਇ 1)

ਸੰਪੂਰਣ ਬਾਈਬਲ ਦੀ ਤਰ੍ਹਾਂ ਹੀ ਉਤਪਤ ਦੀ ਪੁਸਤਕ ਦਾ ਵਿਸ਼ਾ ਵੀ ਪਰਮੇਸ਼ੁਰ ਹੀ ਹੈ। ਉਹ ਸਾਰੀ ਸਰਿਸ਼ਟੀ ਦਾ ਖੁਦਮੁਖ਼ਤਿਆਰ ਪ੍ਰਭੂ ਹੈ, ਜੋ ਆਪਣੇ ਕੰਮਾਂ ਦੁਆਰਾ ਆਪਣੇ ਸੁਭਾਉ ਨੂੰ ਪਰਗਟ ਕਰਦਾ ਹੈ। ਉਸ ਨੇ ਸਾਰੀਆਂ ਨਿਰਜੀਵ ਅਤੇ ਸਜੀਵ ਵਸਤਾਂ ਦੀ ਸਰਿਸ਼ਟੀ ਮਨੁੱਖਜਾਤੀ ਲਈ ਅਸੀਸ ਹੋਣ ਵਾਸਤੇ ਕੀਤੀ ਅਤੇ ਉਸ ਨੇ ਸਰਿਸ਼ਟੀ ਨੂੰ ਨਾ ਸਿਰਫ "ਚੰਗਾ" ਆਖਿਆ ਸਗੋਂ "ਬਹੁਤ ਹੀ ਚੰਗਾ" ਆਖਿਆ (1:4, 10, 12, 18, 21, 25, 31)। ਇਸ ਤੋਂ ਬਾਅਦ ਪਰਮੇਸ਼ੁਰ ਨੇ ਆਪਣੀ ਭਲਿਆਈ ਅਤੇ ਪ੍ਰੇਮ ਦਾ ਪ੍ਰਦਰਸ਼ਣ ਉਸ ਵੇਲੇ ਕੀਤਾ ਜਦ ਉਸ ਨੇ ਮਨੁੱਖ ਦੀ ਸਰਿਸ਼ਟੀ ਆਪਣੇ ਆਪ ਦੇ ਸਰੂਪ ਵਿੱਚ ਕੀਤੀ ਤਾਂ ਜੋ ਉਸ ਨੂੰ ਅਸੀਸ ਦੇ ਸਕੇ ਅਤੇ ਉਸ ਦੇ ਨਾਲ ਵਿਅਕਤੀਗਤ ਸੰਬੰਧ ਸਥਾਪਿਤ ਕਰ ਸਕੇ। ਭੰਡਾਰੀ ਹੋਣ ਦੇ ਨਾਤੇ ਮਨੁੱਖ ਦੀ ਜ਼ਿੰਮੇਵਾਰੀ ਸਭਨਾਂ ਪ੍ਰਾਣੀਆਂ ਉੱਤੇ ਰਾਜ ਕਰਨਾ ਅਤੇ ਉਨ੍ਹਾਂ ਨੂੰ ਪਰਮੇਸ਼ੁਰ ਦੀ ਇੱਛਾ ਦੇ ਅਧੀਨ ਰੱਖਣਾ ਸੀ, ਪਰ ਪਹਿਲਾਂ ਆਪ ਮਨੁੱਖ ਨੂੰ ਖੁਦਮੁਖ਼ਤਿਆਰ ਸਿਰਜਣਹਾਰ ਦੀ ਇੱਛਾ ਵਿੱਚ ਚਲਣਾ ਸਿੱਖਣਾ ਸੀ।

### ਆਪਣੀ ਸਰਿਸ਼ਟੀ ਲਈ ਪਰਮੇਸ਼ੁਰ ਦੇ ਪ੍ਰਬੰਧ (ਅਧਿਆਇ 2; 3)

ਅਕਾਸ਼ ਅਤੇ ਧਰਤੀ ਅਤੇ ਉਨ੍ਹਾਂ ਵਿਚਲਾ ਸਭਕੁਝ ਸਿਰਜਣ ਤੋਂ ਬਾਅਦ ਪਰਮੇਸ਼ੁਰ ਨੇ ਵਿਸ਼ਰਾਮ ਕੀਤਾ। ਉਸ ਨੇ ਇੱਕ ਸੁੰਦਰ ਬਾਗ ਤਿਆਰ ਕੀਤਾ ਅਤੇ ਉਸ ਨੂੰ ਸਭ ਪ੍ਰਕਾਰ ਦੇ ਪਸ਼ੂਆਂ ਅਤੇ ਪੰਛੀਆਂ ਨਾਲ ਭਰ ਦਿੱਤਾ, ਤਾਂ ਜੋ ਮਨੁੱਖ ਦੇ ਲਈ ਇੱਕ ਢੁਕਵਾਂ ਵਾਤਾਵਰਣ ਤਿਆਰ ਕਰ ਸਕੇ। ਉਸ ਨੇ ਇਸਤਰੀ ਦੀ ਵੀ ਸਰਿਸ਼ਟੀ ਕੀਤੀ, ਤਾਂ ਜੋ ਉਹ ਪੁਰਸ਼ ਦੇ ਲਈ ਇੱਕ ਮੇਲ ਖਾਂਦੀ ਸਹਾਇਕਣ ਹੋਵੇ, ਤਾਂ ਜੋ ਉਹ ਡੂੰਘੇ ਮਨੁੱਖੀ ਸੰਬੰਧਾਂ ਦੁਆਰਾ ਉਸ ਦੇ ਨਾਲ ਨਿੱਜੀ ਸੰਬੰਧ ਬਣਾ ਸਕੇ। ਇਸ ਤੋਂ ਇਲਾਵਾ ਸਰੀਰਕ ਪਾਲਣ-ਪੋਸ਼ਣ ਲਈ ਪਰਮੇਸ਼ੁਰ ਨੇ ਚੰਗੇ

ਫਲ ਦੇਣ ਵਾਲੇ ਹਰ ਪ੍ਰਕਾਰ ਦੇ ਬਿਰਛ ਵੀ ਉਗਾਏ, ਜਿਨ੍ਹਾਂ ਵਿੱਚ ਜੀਵਨ ਦਾ ਬਿਰਛ ਵੀ ਸ਼ਾਮਲ ਸੀ ਜੋ ਬਾਗ ਦੇ ਵਿਚਕਾਰ ਸੀ। ਪਰਮੇਸ਼ੁਰ ਨੇ ਮਨੁੱਖ ਨੂੰ ਨਿਰਦੇਸ਼ ਦਿੱਤਾ ਕਿ ਉਹ ਬਾਗ ਦੀ ਵਾਹੀ ਅਤੇ ਰਾਖੀ ਕਰੇ। ਯਹੋਵਾਹ ਨੇ ਇੱਕੋ ਇੱਕ ਬੰਦਿਸ਼ ਠਹਿਰਾਈ ਸੀ ਕਿ ਆਦਮੀ ਅਤੇ ਇਸਤਰੀ ਭਲੇ ਅਤੇ ਬੁਰੇ ਦੇ ਗਿਆਨ ਦੇ ਬਿਰਛ ਦਾ ਫਲ ਨਹੀਂ ਖਾ ਸਕਦੇ। ਪਰ ਆਦਮ ਅਤੇ ਹੱਵਾਹ ਨੇ ਪਰਮੇਸ਼ੁਰ ਵਰਗਾ ਬਣਨ ਦੀ ਇੱਛਾ ਦੇ ਕਾਰਣ ਅਤੇ ਉਸ ਦੀ ਇੱਛਾ ਦੀ ਅਧੀਨਤਾ ਵਿੱਚ ਨਾ ਆਉਣ ਦੀ ਚੋਣ ਕਰਕੇ ਮਨੁੱਖਜਾਤੀ ਦੇ ਵਿਦ੍ਰੋਹ ਅਤੇ ਪਰਮੇਸ਼ੁਰ ਤੋਂ ਜੁਦਾਈ ਦਾ ਇੱਕ ਨਮੂਨਾ ਤਿਆਰ ਕਰ ਦਿੱਤਾ ਜਿਸ ਦਾ ਦੁਖਦਾਈ ਨਤੀਜਾ ਵੀ ਸਭਨਾਂ ਤੱਕ ਪੁੱਜਾ, ਜੋ ਕਿ ਮੌਤ ਸੀ।

### ਪਾਪ ਦੇ ਵਿਰੁੱਧ ਪਰਮੇਸ਼ੁਰ ਦਾ ਪ੍ਰਕੋਪ (ਅਧਿਆਇ 4-8)

ਸਿਰਜਣਹਾਰ ਦੇ ਪ੍ਰਤੀ ਮਨੁੱਖ ਦੇ ਕੁਝ ਕੰਮਾਂ ਵਿੱਚ ਸੱਚੀ ਭਗਤੀ ਅਤੇ ਅਰਾਧਨਾ ਵੇਖੀ ਜਾ ਸਕਦੀ ਸੀ, ਜਿਵੇਂ ਕਿ ਹਾਬਲ ਵਿੱਚ। ਅਜਿਹੇ ਕੁਝ ਧਾਰਮਿਕ ਕੰਮ ਵੀ ਸਨ ਜਿਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਸੀ, ਜਿਵੇਂ ਕਿ ਕਇਨ ਦੇ ਕੰਮ, ਜਿਸ ਨੇ ਆਪਣੇ ਭਰਾ ਦੀ ਹੱਤਿਆ ਕਰ ਦਿੱਤੀ ਅਤੇ ਜਿਸ ਦੇ ਕਾਰਣ ਉਸ ਨੂੰ ਯਹੋਵਾਹ ਦੀ ਹਜ਼ੂਰੀ ਵਿੱਚੋਂ ਕੱਢ ਦਿੱਤਾ ਗਿਆ। ਪਰਮੇਸ਼ੁਰ ਦੀ ਸਜ਼ਾ ਵਜੋਂ ਕਇਨ ਖੱਜਲ ਹੋਣ ਵਾਲਾ ਭਗੌੜਾ ਬਣ ਗਿਆ। ਹਾਲਾਂਕਿ ਉਸ ਦੀ ਅੰਸ ਨੂੰ ਸਭਿਆਚਾਰ - ਸੰਗੀਤ ਅਤੇ ਕਲਾ, ਧਾਤੂਆਂ ਦੀ ਵਰਤੋਂ ਅਤੇ ਨਗਰ ਦੀ ਉਸਾਰੀ - ਦੇ ਜਨਮਦਾਤਾ ਆਖਿਆ ਗਿਆ ਹੈ, ਤਾਂ ਵੀ ਪਾਪ ਦਾ ਸਰਾਪ ਉਨ੍ਹਾਂ ਦੇ ਉੱਤੇ ਸੀ।

ਉਨ੍ਹਾਂ ਵਿੱਚ ਪਾਪ ਦੀ ਮੌਜੂਦਗੀ ਕਈ ਪੀੜ੍ਹੀਆਂ ਬਾਅਦ ਵੀ ਵੇਖੀ ਜਾ ਸਕਦੀ ਸੀ, ਕਿਉਂਕਿ ਕਇਨ ਦੀ ਅੰਸ ਦੇ ਲੋਕ ਸੁਆਰਥੀ ਅਤੇ ਪਰਮੇਸ਼ੁਰ ਦੀ ਅਵੱਗਿਆ ਕਰਨ ਵਾਲੇ ਸਨ। ਉਹ ਨਫਰਤ ਅਤੇ ਕ੍ਰੋਧ ਨਾਲ ਭਰੇ ਹੋਏ ਲੋਕ ਸਨ ਅਤੇ ਜਿਸ ਸੰਸਾਰ ਨੂੰ ਉਹ ਵਿਰੋਧੀ ਅਤੇ ਪੱਖਪਾਤੀ ਮੰਨਦੇ ਸਨ, ਉਸ ਤੋਂ ਪੂਰਾ ਬਦਲਾ ਲੈਂਦੇ ਸਨ। ਉਦਾਹਰਣ ਵਜੋਂ, ਉਨ੍ਹਾਂ ਵਿੱਚੋਂ ਇੱਕ ਦਾ ਨਾਮ ਲਾਮਕ ਸੀ, ਜਿਸ ਨੇ ਉਸ ਨੂੰ ਫੱਟੜ ਕਰਨ ਵਾਲੇ ਇੱਕ ਗਭਰੂ ਤੋਂ ਬਦਲਾ ਲੈਣ ਦੀ ਖਾਤਰ ਉਸ ਦੀ ਹੱਤਿਆ ਕਰਨ ਉੱਤੇ ਬਹੁਤ ਮਾਣ ਕੀਤਾ ਸੀ (4:23, 24)।

ਹੋਰ ਵੀ ਕਈਆਂ ਦਾ ਜ਼ਿਕਰ ਸਿਰਫ ਸਰੀਰਕ ਵਜੂਦ ਵਿੱਚ ਹੋਣ ਵਜੋਂ ਕੀਤਾ ਗਿਆ ਹੈ; ਅਰਥਾਤ ਉਹ ਪੈਦਾ ਹੋਏ, ਬੱਚਿਆਂ ਨੂੰ ਜਨਮ ਦਿੱਤਾ ਅਤੇ ਪਰਮੇਸ਼ੁਰ ਦੇ ਨਾਲ ਕੋਈ ਸੰਬੰਧ ਸਥਾਪਿਤ ਕੀਤੇ ਬਿਨਾ ਹੀ ਮਰ ਗਏ (ਅਧਿਆਇ 5)। ਪਰਮੇਸ਼ੁਰ ਦੀ ਅਜਿਹੀ ਗੈਰਹਾਜ਼ਰੀ ਨੇ ਮਨੁੱਖੀ ਜੀਵਨ ਵਿੱਚੋਂ ਸਾਰਥਕਤਾ ਅਤੇ ਉਦੇਸ਼ ਨੂੰ ਖਤਮ ਹੀ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ "ਪਰਮੇਸ਼ੁਰ ਦੇ ਪੁੱਤਰਾਂ" ਅਤੇ "ਆਦਮੀ ਦੀਆਂ ਧੀਆਂ" ਵਿਚਕਾਰ ਭ੍ਰਿਸ਼ਟ ਸੰਬੰਧ ਬਣ ਗਏ (6:2)। ਇਸ ਦਾ ਨਤੀਜਾ ਲਗਾਤਾਰ ਵਧਦਾ ਪਤਨ ਹੋਇਆ, ਇੱਥੋਂ ਤੱਕ ਕਿ ਮਨੁੱਖ ਦੇ ਮਨ ਦੇ ਵਿਚਾਰਾਂ ਦੀ ਹਰ ਇੱਕ ਭਾਵਨਾ ਸਾਰਾ ਦਿਨ ਬੁਰੀ ਹੀ ਰਹਿਣ ਲੱਗ ਪਈ ਅਤੇ ਧਰਤੀ ਬੁਰਿਆਈ ਨਾਲ ਭਰ ਗਈ (6:5)। ਇਸ ਦਾ ਆਖਿਰਕਾਰ ਨਤੀਜਾ ਇਹ ਹੋਇਆ ਕਿ ਮਨੁੱਖ ਆਪਣੇ ਆਪ ਨੂੰ ਅਤੇ ਆਪਣੇ ਸੰਸਾਰ ਨੂੰ ਵਿਨਾਸ ਵੱਲ ਲੈ ਗਿਆ ਅਤੇ ਪਰਮੇਸ਼ੁਰ ਨੇ ਸਾਰੀ ਮਨੁੱਖਜਾਤੀ ਦਾ ਨਾਸ ਕਰਨ ਲਈ ਧਰਤੀ ਉੱਤੇ ਜਲ ਪਰਲੋ ਭੇਜ ਕੇ ਆਪਣੇ ਪ੍ਰਕੋਪ ਨੂੰ ਪਰਗਟ ਕਰਨ ਦੁਆਰਾ ਸਭਕੁਝ ਖਤਮ ਕਰ ਦੇਣ ਦਾ ਫੈਸਲਾ ਲਿਆ (ਅਧਿਆਇ 6-8)।

### ਪਰਮੇਸ਼ੁਰ ਦਾ ਨਿਆਉਂ ਅਤੇ ਉਸ ਦੇ ਸੰਸਾਰ ਨੂੰ ਮੁੜ ਨਵਾਂ ਕਰਨਾ (ਅਧਿਆਇ 9-11)

ਪਰਮੇਸ਼ੁਰ ਦੀ ਕਿਰਪਾ ਸਦਕਾ ਨੂਹ ਅਤੇ ਉਸ ਦਾ ਪਰਿਵਾਰ ਜਲ ਪਰਲੋ ਵਿੱਚ ਬਚਾਏ

ਗਏ। ਉਸ ਵੇਲੇ ਤੋਂ ਬਾਅਦ ਦੇ ਧਰਤੀ ਉਤਲੇ ਸਾਰੇ ਮਨੁੱਖ ਉਸੇ ਦੀ ਅੰਸ ਹਨ। ਇਸ ਤੱਥ ਦੇ ਪਰਕਾਸ਼ ਵਿੱਚ ਲੋਕ ਬਾਈਬਲ ਨੂੰ ਅਧਾਰ ਬਣਾ ਕੇ ਕਿਸੇ ਵੀ ਤਰ੍ਹਾਂ ਦਾ ਜਾਤੀਗਤ ਪੱਖਪਾਤ ਨਹੀਂ ਕਰ ਸਕਦੇ, ਕਿਉਂਕਿ ਸੁਭਾਵਕ ਤੌਰ ’ਤੇ ਕੋਈ ਵੀ ਜਾਤੀ ਕਿਸੇ ਦੂਜੀ ਨਾਲੋਂ ਨੀਵੀਂ ਨਹੀਂ ਹੈ। ਇਸ ਤੋਂ ਇਲਾਵਾ ਯਹੋਵਾਹ ਪਰਮੇਸ਼ੁਰ ਨੇ ਮਨੁੱਖਜਾਤੀ ਨੂੰ ਇੱਕ ਨਵਾਂ ਅਰੰਭ ਦਿੱਤਾ ਜੋ ਕਿ ਜਲ ਪਰਲੋ ਤੋਂ ਪਹਿਲਾਂ ਦੇ ਸੰਸਾਰ ਦੀ ਸਾਰੀ ਦੁਸ਼ਟਤਾ ਅਤੇ ਬੁਰਿਆਈ ਤੋਂ ਰਹਿਤ ਸੀ। ਪਰਮੇਸ਼ੁਰ ਨੇ ਸਭਨਾਂ ਸਿਰਜੀਆਂ ਗਈਆਂ ਵਸਤਾਂ ਦੇ ਮੂਲ ਕ੍ਰਮ ਨੂੰ ਦੁਬਾਰਾ ਬਹਾਲ ਕੀਤਾ: ਸਾਲ ਦੇ ਨਿਯਮਿਤ ਮੌਸਮ ਜਾਰੀ ਰਹਿਣਗੇ ਅਤੇ ਦਿਨ ਤੇ ਰਾਤ ਵੀ ਚੱਲਦੇ ਰਹਿਣਗੇ। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਨੂਹ ਅਤੇ ਉਸ ਦੇ ਪੁੱਤਰਾਂ ਨੂੰ ਸਰਿਸ਼ਟੀ ਦੀ ਮੂਲ ਅਸੀਸ ਦਿੱਤੀ: “ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ” (9:1; ਵੇਖੋ 1:28) ਅਤੇ ਉਸ ਨੇ ਪ੍ਰਤਿੱਗਿਆ ਕੀਤੀ ਕਿ ਉਹ ਅਜਿਹੀ ਜਲ ਪਰਲੋ ਦੁਬਾਰਾ ਕਦੇ ਨਹੀਂ ਲਿਆਵੇਗਾ ਜਿਸ ਤੋਂ ਸਾਰੀ ਧਰਤੀ ਦਾ ਨਾਸ ਹੋ ਜਾਵੇ।

ਹਾਲਾਂਕਿ ਜਲ ਪਰਲੋ ਨੇ ਪੁਰਾਣੇ ਸੰਸਾਰ ਦਾ ਅਤੇ ਉਸ ਨੂੰ ਬੁਰਾ ਬਣਾਉਣ ਵਾਲੇ ਪਾਪੀਆਂ ਦਾ ਨਾਸ ਕਰ ਦਿੱਤਾ ਸੀ, ਤਾਂ ਵੀ ਬਚੇ ਹੋਏ ਲੋਕ ਪਾਪ ਦੀ ਰਾਹ ’ਤੇ ਤੁਰਦੇ ਰਹੇ। ਨੂਹ ਨੇ ਅੰਗੂਰ ਦਾ ਬਾਗ ਲਗਾਇਆ, ਬਹੁਤ ਜ਼ਿਆਦਾ ਮਧ ਪੀ ਕੇ ਸ਼ਰਾਬੀ ਹੋ ਗਿਆ ਅਤੇ ਆਪਣੇ ਤੰਬੂ ਵਿੱਚ ਨੰਗਾ ਪੈ ਗਿਆ। ਫਿਰ ਹਾਮ ਨੇ ਆਪਣੇ ਪਿਤਾ ਦੀ ਨੰਗੇਜ ਨੂੰ ਆਪਣੇ ਭਰਾਵਾਂ ਸਾਹਮਣੇ ਉਜਾਗਰ ਕਰ ਦਿੱਤਾ (ਸ਼ਾਇਦ ਮਖੌਲ ਦੇ ਭਾਵ ਵਿੱਚ), ਆਪਣੇ ਪਿਤਾ ਦਾ ਨਿਰਾਦਰ ਕੀਤਾ ਅਤੇ ਆਪਣੇ ਪੁੱਤਰ ਕਨਾਨ ਦੇ ਜ਼ਰੀਏ ਆਪਣੀ ਸਾਰੀ ਅੰਸ ਉੱਤੇ ਸਰਾਪ ਲੈ ਆਇਆ। ਬਾਬਲ ਦੇ ਲੋਕ ਆਪਣੇ ਸੁਆਰਥ ਨਾਲ ਭਰ ਕੇ (ਅਤੇ ਸ਼ਾਇਦ ਮੂਰਤੀ ਪੂਜਾ ਦੇ ਭਾਵ ਨਾਲ) ਆਪਣੇ ਨਾਮ ਨੂੰ ਸਥਾਪਿਤ ਕਰਨ ਦਾ ਜਤਨ ਕਰਨ ਲੱਗੇ। ਉਨ੍ਹਾਂ ਨੇ ਇੱਕ ਬੁਰਜ ਬਣਾਇਆ ਜਿਸ ਦੀ ਟੀਸੀ ਨੂੰ ਅਕਾਸ਼ ਵਿੱਚ ਪੁੱਜਣ ਲਈ ਤਿਆਰ ਕੀਤਾ ਗਿਆ ਸੀ। ਪਰਮੇਸ਼ੁਰ ਨੇ ਬਾਬਲ ਦੇ ਲੋਕਾਂ ਦੇ ਕੰਮ ਨੂੰ ਨਾਸ ਕਰ ਦਿੱਤਾ, ਉਨ੍ਹਾਂ ਦੀ ਭਾਸ਼ਾ ਨੂੰ ਉਲਟ ਪੁਲਟ ਕਰ ਦਿੱਤਾ ਅਤੇ ਉਨ੍ਹਾਂ ਨੂੰ ਸਾਰੀ ਧਰਤੀ ਉੱਤੇ ਖਿੰਡਾ ਦਿੱਤਾ। ਪਰਮੇਸ਼ੁਰ ਵਰਗਾ ਬਣਨ ਦੇ ਮਨੁੱਖ ਦੇ ਸਾਰੇ ਜਤਨ - ਸੁਤੰਤਰਤਾ, ਆਪਣੇ ਆਪ ਦਾ ਇਖ਼ਤਿਆਰ ਅਤੇ ਆਤਮ-ਸੰਤੋਖ - ਪਾਪ, ਝਗੜੇ, ਪਰੇਸ਼ਾਨੀ ਅਤੇ ਪਰਮੇਸ਼ੁਰ ਤੋਂ ਅਤੇ ਹੋਰਨਾਂ ਮਨੁੱਖਾਂ ਤੋਂ ਦੂਰੀ ਨੂੰ ਵਧਾਉਂਦੇ ਗਏ।

### ਨਿਹਚਾ ਵਿੱਚ ਜੀਉਣ ਲਈ ਪਰਮੇਸ਼ੁਰ ਦਾ ਸੱਦਾ (ਅਧਿਆਇ 12-22)

ਸਾਰਥਕ ਜੀਵਨ ਅਤੇ ਅਰਥਪੂਰਨ ਨਿਯਤੀ ਲਈ ਮਨੁੱਖ ਦੀ ਇੱਕਮਾਤਰ ਆਸ ਪਰਮੇਸ਼ੁਰ ਦੇ ਨਾਲ ਨਿੱਜੀ ਸੰਬੰਧ ਵਿੱਚ ਹੀ ਸੀ, ਜਿਸ ਦਾ ਅਰੰਭ ਨਿਹਚਾ ਦੇ ਨਾਲ ਹੋਣਾ ਸੀ। ਪਰਮੇਸ਼ੁਰ ਨੇ ਪਹਿਲ ਕੀਤੀ ਅਤੇ ਅਬਰਾਹਾਮ ਨੂੰ ਸੱਦਿਆ - ਜੋ ਆਪਣੇ ਪਰਿਵਾਰ ਸਮੇਤ ਇੱਕ ਮੂਰਤੀ ਪੂਜਕ ਸੀ (ਯਹੋਸ਼ੁਆ 24:2) - ਕਿ ਉਹ ਨਿਹਚਾ ਦੇ ਜੀਵਨ ਦਾ ਅਰੰਭ ਕਰੇ। ਅਬਰਾਹਾਮ ਦੀ ਨਿਹਚਾ ਪਹਿਲਾਂ ਡਗਮਗਾਈ ਅਤੇ ਫਿਰ ਸਮਾਂ ਬੀਤਣ ਦੇ ਨਾਲ-ਨਾਲ ਤਕੜੀ ਹੁੰਦੀ ਗਈ ਅਤੇ ਉਸ ਨੇ ਸਿੱਖਿਆ ਕਿ ਪਰਮੇਸ਼ੁਰ ਨੇ ਉਸ ਨੂੰ ਉਸ ਦੀ ਸੰਪੂਰਣ ਆਗਿਆਕਾਰੀ ਜਾਂ ਉਸ ਦੇ ਕਿਸੇ ਹੋਰ ਗੁਣ ਕਰਕੇ ਉਸ ਨੂੰ ਸਵੀਕਾਰ ਨਹੀਂ ਕੀਤਾ ਸੀ, ਸਗੋਂ ਇਸ ਕਰਕੇ ਕਿ ਪਰਮੇਸ਼ੁਰ ਨੇ ਆਪਣੀ ਕਿਰਪਾ ਦੇ ਵਸੀਲੇ ਨਿਹਚਾ ਸਦਕਾ ਉਸ ਨੂੰ ਧਰਮੀ ਗਿਣਿਆ ਸੀ (15:6)।

ਪਰਮੇਸ਼ੁਰ ਨੇ ਅਬਰਾਹਾਮ ਨੂੰ ਉਸ ਦੇ ਆਪਣੇ ਕਰਕੇ ਨਹੀਂ ਬਚਾਇਆ ਸੀ, ਸਗੋਂ ਉਸ ਨੂੰ ਇੱਕ ਵਸੀਲਾ ਬਣਾਇਆ ਸੀ ਜਿਸ ਦੇ ਦੁਆਰਾ ਉਹ ਇੱਕ ਵੱਡੀ ਕੌਮ ਨੂੰ, ਅਣਗਿਣਤ ਅੰਸ ਨੂੰ ਅਤੇ ਆਖਿਰਕਾਰ ਧਰਤੀ ਦੇ ਸਭਨਾਂ ਘਰਾਣਿਆਂ ਨੂੰ ਅਸੀਸ ਦੇ ਸਕੇ। ਇਸ ਤਰ੍ਹਾਂ ਮੁਕਤੀ ਵਿੱਚ ਮੁੱਢਲਾ ਉਦੇਸ਼ ਸਿਰਫ ਅਬਰਾਹਾਮ ਨਹੀਂ ਸੀ। ਸਗੋਂ ਇਹ ਸੀ ਕਿ ਯਹੋਵਾਹ ਪਰਮੇਸ਼ੁਰ ਆਪਣੀ

ਕਿਰਪਾ ਦੁਆਰਾ ਨਾ ਸਿਰਫ ਇਸ ਇੱਕ ਵਿਅਕਤੀ ਲਈ, ਸਗੋਂ ਉਸ ਦੇ ਦੁਆਰਾ ਸਾਰੇ ਸੰਸਾਰ ਦੇ ਲਈ ਕੀ ਕਰ ਸਕਦਾ ਸੀ। ਜਦ ਪਰਮੇਸ਼ੁਰ ਨੇ ਅਬਰਾਹਾਮ ਨੂੰ ਸੱਦਿਆ ਕਿ ਉਹ ਆਪਣਾ ਘਰ ਅਤੇ ਪਰਿਵਾਰ ਛੱਡ ਕੇ ਉਸ ਦੇਸ ਨੂੰ ਚਲਿਆ ਜਾਵੇ ਜੋ ਉਸ ਨੇ ਪਹਿਲਾਂ ਕਦੇ ਨਹੀਂ ਵੇਖਿਆ ਸੀ, ਤਦ ਉਸ ਨੇ ਨਿਹਚਾ ਦੇ ਇੱਕ ਅਜਿਹੇ ਸਫਰ ਨੂੰ ਅਰੰਭ ਕੀਤਾ ਜਿਹੜਾ ਉਸ ਦੇ ਜੀਵਨਭਰ ਜਾਰੀ ਰਿਹਾ (ਇਬਰਾਨੀਆਂ 11:8)। ਵਫ਼ਾਦਾਰਾਂ ਦੇ ਇਸ ਪਿਤਾ ਦੇ ਜੀਵਨ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਕਿਸੇ ਵਿਅਕਤੀ ਦੀ ਨਿਹਚਾ ਦੀ ਪ੍ਰਮਾਣਿਕਤਾ ਦੀ ਸਭ ਤੋਂ ਵੱਡੀ ਪਰਖ ਇਹ ਨਹੀਂ ਹੈ ਕਿ ਉਹ ਵਿਅਕਤੀ ਕੀ ਵਿਸ਼ਵਾਸ ਕਰਦਾ ਹੈ ਕਿ ਪਰਮੇਸ਼ੁਰ ਉਸ ਦੇ ਲਈ ਕੀ-ਕੀ ਕਰ ਸਕਦਾ ਹੈ। ਸਗੋਂ ਇਹ ਪਰਖ ਇਹ ਹੈ ਕਿ ਉਹ ਪਰਮੇਸ਼ੁਰ ਦੇ ਲਈ ਕੀ ਕੁਝ ਕਰਨ ਨੂੰ ਅਤੇ ਉਸ ਨੂੰ ਦੇਣ ਨੂੰ ਤਿਆਰ ਹੈ। ਜੇਕਰ ਅਬਰਾਹਾਮ ਦੀ ਗੱਲ ਕਰੀਏ ਤਾਂ ਇਹ ਉਸ ਦਾ ਪ੍ਰਤਿੱਗਿਆ ਕੀਤਾ ਹੋਇਆ ਪੁੱਤਰ ਸੀ (ਅਧਿਆਇ 22)।

### ਅਬਰਾਹਾਮ ਦੀ ਨਿਹਚਾ ਦੇ ਨਤੀਜੇ (ਅਧਿਆਇ 23; 24)

ਜਦ ਅਬਰਾਹਾਮ ਨੇ ਸਾਰਾਹ ਨੂੰ ਦਫਨਾਇਆ, ਤਦ ਤੱਕ ਉਸ ਨੂੰ ਕਨਾਨੀਆਂ ਵਿੱਚ ਰਹਿੰਦੇ ਨੂੰ ਸੱਠ ਤੋਂ ਵਧ ਵਰ੍ਹੇ ਹੋ ਚੁੱਕੇ ਸਨ।[16] ਉਨ੍ਹਾਂ ਨੇ ਸਿਆਣ ਲਿਆ ਕਿ ਪਰਮੇਸ਼ੁਰ ਨੇ ਉਸ ਨੂੰ ਅਸੀਸ ਦਿੱਤੀ ਹੈ, ਉਸ ਨੂੰ ਧਨਵਾਨ ਅਤੇ ਇੱਕ "ਸ਼ਕਤੀਸ਼ਾਲੀ ਸ਼ਹਿਜ਼ਾਦਾ" (ਸ਼ਾਬਦਿਕ, "ਪਰਮੇਸ਼ੁਰ ਦਾ ਸਜਾਦਾ"; 23:6) ਬਣਾਇਆ ਹੈ। ਜ਼ਿਆਦਾਤਰ ਅਜਿਹਾ ਹੋਇਆ ਸੀ ਕਿ ਅਬਰਾਹਾਮ ਨੇ ਕਨਾਨ ਦੇਸ ਦੇ ਵਾਸੀਆਂ ਦੇ ਸਾਹਮਣੇ ਧਾਰਮਿਕ ਜੀਵਨ ਬਤੀਤ ਕਰਨ ਦੁਆਰਾ ਆਪਣੇ ਚਾਨਣ ਨੂੰ ਚਮਕਾਇਆ ਸੀ (ਮੱਤੀ 5:16)। ਇਸ ਤੋਂ ਇਲਾਵਾ ਸ਼ਾਇਦ ਉਸ ਦੇ ਕੋਲ ਉਸ ਇਲਾਕੇ ਦੀ ਸਭ ਤੋਂ ਵੱਡੀ ਨਿੱਜੀ ਫ਼ੌਜ ਸੀ,[17] ਜਿਸ ਦੇ ਕਾਰਣ ਬਾਕੀ ਦੇ ਲੋਕ ਉਸ ਤੋਂ ਡਰਦੇ ਹੋਣਗੇ ਅਤੇ ਉਸ ਦੀ ਸਤਿਕਾਰ ਕਰਦੇ ਹੋਣਗੇ।

ਜਦ ਇਸਹਾਕ ਦੇ ਵਿਆਹ ਦਾ ਸਮਾਂ ਆਇਆ, ਅਬਰਾਹਾਮ ਨੇ ਉਸ ਦੇ ਲਈ ਪਤਨੀ ਦੀ ਭਾਲ ਕਰਨ ਵਾਸਤੇ ਆਪਣੇ ਇੱਕ ਵਫ਼ਾਦਾਰ ਸੇਵਕ ਨੂੰ ਆਪਣੇ ਰਿਸ਼ਤੇਦਾਰਾਂ ਕੋਲ ਮਸੋਪੋਤਾਮੀਆ ਘੱਲਿਆ। ਜਾਣ ਤੋਂ ਪਹਿਲਾਂ ਸੇਵਕ ਨੇ ਇਸ ਸੰਭਾਵਨਾ ਨੂੰ ਉਸ ਦੇ ਸਾਹਮਣੇ ਰੱਖਿਆ ਕਿ ਸ਼ਾਇਦ ਉਹ ਇਸਤਰੀ ਉਸ ਦੇ ਨਾਲ ਕਨਾਨ ਦੇਸ ਨਾ ਆਉਣਾ ਚਾਹੇ। ਉਸ ਨੇ ਅਬਰਾਹਾਮ ਨੂੰ ਪੁੱਛਿਆ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਕੀ ਉਹ ਇਸਹਾਕ ਨੂੰ ਮਸੋਪੋਤਾਮੀਆ ਲੈ ਜਾ ਸਕਦਾ ਹੈ। ਸੇਵਕ ਨੂੰ ਉਸ ਦੇ ਸੁਆਮੀ ਨੇ ਸਖਤ ਹਿਦਾਇਤ ਦਿੱਤੀ ਕਿ ਉਹ ਇਸਹਾਕ ਨੂੰ ਉੱਥੇ ਨਾ ਲੈ ਕੇ ਜਾਵੇ। ਅਬਰਾਹਾਮ ਸਿਆਣ ਗਿਆ ਸੀ ਕਿ ਜੇਕਰ ਉਸ ਦਾ ਪੁੱਤਰ ਉੱਥੋਂ ਚਲਿਆ ਗਿਆ ਅਤੇ ਵਾਪਿਸ ਨਾ ਆਇਆ ਤਾਂ ਪਰਮੇਸ਼ੁਰ ਦੀ ਯੋਜਨਾ ਦੀ ਪੂਰਤੀ ਖਤਰੇ ਵਿੱਚ ਪੈ ਸਕਦੀ ਹੈ। ਉਹ ਸਿਆਣ ਗਿਆ ਕਿ ਪਰਮੇਸ਼ੁਰ ਦੇ ਲੋਕ ਉਸ ਅਸਥਾਨ ਨੂੰ ਛੱਡ ਕੇ ਵਾਪਿਸ ਨਹੀਂ ਮੁੜ ਸਕਦੇ ਜਿੱਥੇ ਰਹਿਣ ਲਈ ਪਰਮੇਸ਼ੁਰ ਨੇ ਉਨ੍ਹਾਂ ਨੂੰ ਸੱਦਿਆ ਸੀ।

ਅਬਰਾਹਾਮ ਦੇ ਸੇਵਕ ਨੇ ਪ੍ਰਾਰਥਨਾ ਦੀ ਸ਼ਕਤੀ ਅਤੇ ਰੱਬੀ ਮਾਰਗ ਦਰਸ਼ਣ ਵਿੱਚ ਆਪਣੇ ਵਿਸ਼ਵਾਸ ਨੂੰ ਪਰਗਟ ਕੀਤਾ, ਜਦ ਉਹ ਜਾਣਨਾ ਚਾਹੁੰਦਾ ਸੀ ਕਿ ਹਾਰਾਨ ਵਿੱਚ ਕਿਹੜੀ ਲੜਕੀ ਉਸ ਦੇ ਸੁਆਮੀ ਦੇ ਪੁੱਤਰ ਲਈ ਢੁਕਵੀਂ ਹੈ। ਪਰਮੇਸ਼ੁਰ ਨੇ ਰਿਬਕਾਹ ਦੀ ਚੋਣ ਕਰਨ ਵਿੱਚ ਉਸ ਦੀ ਅਗਵਾਈ ਕੀਤੀ ਜੋ ਅਬਰਾਹਾਮ ਦੇ ਭਰਾ ਨਾਹੋਰ ਦੇ ਘਰਾਣੇ ਤੋਂ ਸੀ। ਫਿਰ ਸੇਵਕ ਉਸ ਨੂੰ ਕਨਾਨ ਲਿਆਉਂਦਾ ਹੈ ਅਤੇ ਉਹ ਇਸਹਾਕ ਦੀ ਪਤਨੀ ਹੋ ਜਾਂਦੀ ਹੈ (ਅਧਿਆਇ 24)।

ਇਹ ਸਭ ਪਰਮੇਸ਼ੁਰ ਵੱਲੋਂ ਅਬਰਾਹਾਮ ਦੇ ਚਰਿੱਤਰ ਅਤੇ ਸਮਰਪਣ ਬਾਰੇ ਬੋਲੇ ਗਏ ਇਸ ਕਥਨ ਨੂੰ ਪ੍ਰਮਾਣਿਤ ਕਰਦਾ ਹੈ: "ਕਿਉਂਕਿ ਮੈਂ ਉਹ ਨੂੰ ਜਾਣ ਲਿਆ ਹੈ ਤਾਂਜੋ ਉਹ ਆਪਣੇ ਪੁੱਤਰਾਂ

ਨੂੰ ਅਰ ਆਪਣੇ ਘਰਾਣੇ ਨੂੰ ਆਪਣੇ ਪਿੱਛੇ ਆਗਿਆ ਦੇਵੇ ਅਤੇ ਉਹ ਧਰਮ ਅਰ ਨਿਆਉਂ ਕਰਦੇ ਹੋਏ ਯਹੋਵਾਹ ਦੇ ਰਾਹ ਦੀ ਪਾਲਨਾ ਕਰਨ ਅਤੇ ਯਹੋਵਾਹ ਅਬਰਾਹਾਮ ਲਈ ਜੋ ਕੁਝ ਉਹ ਉਸ ਦੇ ਸੰਬੰਧ ਵਿੱਚ ਬੋਲਿਆ ਹੈ ਪੂਰਾ ਕਰੇ" (18:19)। ਅਬਰਾਹਾਮ ਦੀ ਨਿਹਚਾ ਐਨੀ ਸੱਚੀ ਸੀ ਕਿ ਉਸ ਨੇ ਇਸ ਨੂੰ ਨਾ ਕੇਵਲ ਆਪਣੇ ਬੱਚਿਆਂ ਵਿੱਚ ਪਾਇਆ ਸਗੋਂ "ਆਪਣੇ ਘਰਾਣੇ" ਵਿੱਚ ਵੀ, ਅਰਥਾਤ, ਆਪਣੇ ਸੇਵਕਾਂ (ਗੁਲਾਮਾਂ) ਵਿੱਚ ਵੀ ਤਾਂ ਜੋ ਉਸ ਦੇ ਮਗਰੋਂ ਉਹ "ਯਹੋਵਾਹ ਦੇ ਰਾਹ ਦੀ ਪਾਲਨਾ ਕਰਨ।"

## ਮਨੁੱਖ ਦੀ ਨਿਯਤੀ ਬਾਰੇ ਪਰਮੇਸ਼ੁਰ ਦਾ ਪੂਰਬ ਗਿਆਨ (ਅਧਿਆਇ 25-28)

ਯਾਕੂਬ ਅਤੇ ਏਸਾਓ ਵਿੱਚ ਸੰਘਰਸ਼ ਦਾ ਅਰੰਭ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਹੋ ਗਿਆ ਸੀ (25:22, 24-26) ਅਤੇ ਇਸ ਦੇ ਮਹੱਤਵ ਬਾਰੇ ਪਰਮੇਸ਼ੁਰ ਨੇ ਰਿਬਕਾਹ ਨੂੰ ਦੱਸਿਆ: "ਤੇਰੀ ਕੁੱਖ ਵਿੱਚ ਦੋ ਕੌਮਾਂ ਹਨ ਅਰ ਤੇਰੀ ਕੁੱਖੋਂ ਹੀ ਉਹ ਦੋਵੇਂ ਜਾਤੀਆਂ ਵੱਖਰੀਆਂ ਹੋ ਜਾਣਗੀਆਂ ਅਰ ਇੱਕ ਜਾਤੀ ਦੂਜੀ ਜਾਤੀ ਨਾਲੋਂ ਬਲਵੰਤ ਹੋਵੇਗੀ ਅਤੇ ਵੱਡਾ ਛੋਟੇ ਦੀ ਟਹਿਲ ਕਰੇਗਾ" (25:23)। ਇਸ ਹਵਾਲੇ ਦੀ ਭਾਵੇਂ ਜਿਵੇਂ ਵੀ ਵਿਆਖਿਆ ਕੀਤੀ ਜਾਵੇ, ਤਾਂ ਵੀ ਇਸ ਦਾ ਯਾਕੂਬ ਜਾਂ ਏਸਾਓ ਦੀ ਸਦੀਪਕ ਨਿਯਤੀ ਦੇ ਨਾਲ ਕੋਈ ਸੰਬੰਧ ਨਹੀਂ ਹੈ। ਇਨ੍ਹਾਂ ਦੋਹਾਂ ਬੱਚਿਆਂ ਲਈ ਕੀਤੀ ਗਈ ਇਹ ਨਬੂਵਤ ਇਨ੍ਹਾਂ ਦੋਹਾਂ ਦੇ ਨਿੱਜੀ ਜੀਵਨ ਬਾਰੇ ਨਹੀਂ ਸੀ, ਕਿਉਂਕਿ ਏਸਾਓ ਨੇ ਕਦੇ ਵੀ ਯਾਕੂਬ ਦੀ ਟਹਿਲ ਨਹੀਂ ਕੀਤੀ; ਸਗੋਂ ਇਹ ਨਬੂਵਤ ਤਾਂ ਇਨ੍ਹਾਂ ਦੋਹਾਂ ਦੀ ਅੰਸ ("ਦੋ ਕੌਮਾਂ") ਦੀ ਉਸ ਭੂਮਿਕਾ ਬਾਰੇ ਸੀ ਜੋ ਇਹ ਦੋਵੇਂ ਛੁਟਕਾਰੇ ਦੇ ਇਤਿਹਾਸ ਵਿੱਚ ਨਿਭਾਉਣਗੇ। ਜਿਹੜੇ ਲੋਕ ਯਾਕੂਬ ਦੀ ਅੰਸ ਵਿੱਚੋਂ ਹੋਏ ਉਹ ਇਸਰਾਏਲੀ ਅਖਵਾਏ, ਜਦਕਿ ਜਿਹੜੇ ਲੋਕ ਏਸਾਓ ਦੀ ਅੰਸ ਵਿੱਚੋਂ ਹੋਏ ਉਹ ਅਦੋਮੀ ਅਖਵਾਏ। ਇਹ ਅਦੋਮੀ ਰਾਜਾ ਦਾਊਦ ਦੇ ਸਮੇਂ ਵਿੱਚ ਉਸ ਦੇ ਅਧੀਨ ਕੀਤੇ ਗਏ ਅਤੇ ਉਸ ਦੇ ਟਹਿਲੂਏ ਬਣਨ ਲਈ ਮਜਬੂਰ ਕੀਤੇ ਗਏ (2 ਸਮੂਏਲ 8:14)। ਇਸ ਦੇ ਕਾਰਣ ਇਨ੍ਹਾਂ "ਦੋਵੇਂ ਜਾਤੀਆਂ" ਵਿਚਕਾਰ ਸਾਰੇ ਪੁਰਾਣੇ ਨੇਮ ਦੇ ਸਮੇਂ ਦੇ ਦੌਰਾਨ ਲਗਾਤਾਰ ਝਗੜੇ ਹੁੰਦੇ ਰਹੇ, ਜਦ ਇਤਿਹਾਸ ਇਸ ਸੰਸਾਰ ਵਿੱਚ ਮਸੀਹ ਦੀ ਆਮਦ ਵੱਲ ਨੂੰ ਵਧਦਾ ਰਿਹਾ।

ਭਾਵੇਂ ਯਾਕੂਬ ਅਤੇ ਏਸਾਓ ਇਸ ਨਬੂਵਤ ਦੇ ਸੰਪੂਰਣ ਅਰਥ ਨੂੰ ਸਮਝੇ ਜਾਂ ਨਹੀਂ ਸਮਝੇ, ਪਰ ਇਹ ਦੋਵੇਂ ਆਪਣੇ-ਆਪਣੇ ਜੀਵਨ ਲਈ ਪਰਮੇਸ਼ੁਰ ਦੇ ਉਦੇਸ਼ਾਂ ਅਤੇ ਕੰਮਾਂ ਵਿੱਚ ਆਪਣੀ ਭੂਮਿਕਾ ਨੂੰ ਭਾਲਣ ਲਈ ਲਗਾਤਾਰ ਸੰਘਰਸ਼ ਕਰਦੇ ਰਹੇ, ਜਿਸ ਦੀ ਉਮੀਦ ਪਰਮੇਸ਼ੁਰ ਨੇ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਤੋਂ ਕੀਤੀ ਹੋਈ ਸੀ। ਦੋਵੇਂ ਲੜਕੇ ਅਤੇ ਉਨ੍ਹਾਂ ਦੇ ਮਾਪੇ ਜਾਂ ਤਾਂ ਪਰਮੇਸ਼ੁਰ ਦੀ ਇੱਛਾ ਨੂੰ ਆਪਣੇ ਵੱਸ ਵਿੱਚ ਕਰਨ ਦਾ ਜਤਨ ਕਰਦੇ ਰਹੇ ਜਾਂ ਫਿਰ ਉਸ ਦਾ ਵਿਰੋਧ ਕਰਦੇ ਰਹੇ, ਜਿਸ ਦੇ ਦੁਖਦਾਈ ਨਤੀਜੇ ਪਰਿਵਾਰਿਕ ਸੰਬੰਧਾਂ ਵਿੱਚ ਪਰਿਵਾਰ ਦੇ ਸਭਨਾਂ ਮੈਂਬਰਾਂ ਨੂੰ ਭੁਗਤਣੇ ਪਏ। ਇਸੇ ਕਰਕੇ ਯਾਕੂਬ ਦੇ ਜੀਵਨ ਦਾ ਜ਼ਿਆਦਾਤਰ ਹਿੱਸਾ ਖਰਾਈ ਪ੍ਰਾਪਤ ਕਰਨ ਅਤੇ ਇਹ ਵਿਸ਼ਵਾਸ ਕਰਨ ਲਈ ਸੰਘਰਸ਼ ਭਰਿਆ ਰਿਹਾ ਕਿ ਕੀ ਸੱਚਮੁੱਚ ਪਰਮੇਸ਼ੁਰ ਉਸ ਦੇ ਨਾਲ ਰਹੇਗਾ ਅਤੇ ਉਸ ਦੇ ਚਰਿੱਤਰ ਦੀਆਂ ਖਾਮੀਆਂ ਅਤੇ ਸਾਰੀਆਂ ਔਖਿਆਈਆਂ ਅਤੇ ਉਸ ਦੇ ਸਾਹਮਣੇ ਆਏ ਖਤਰਿਆਂ ਦੇ ਬਾਵਜੂਦ ਵੀ ਆਪਣੀਆਂ ਪ੍ਰਤਿੱਗਿਆਵਾਂ ਦੀ ਪੂਰਤੀ ਕਰੇਗਾ।

ਦੂਜੇ ਪਾਸੇ ਏਸਾਓ ਨੇ ਆਪਣੇ ਜੀਵਨ ਲਈ ਪਰਮੇਸ਼ੁਰ ਦੀ ਅਗਵਾਈ ਦਾ ਵਿਰੋਧ ਕੀਤਾ। ਉਸ ਨੇ ਕਨਾਨੀ ਇਸਤਰੀਆਂ ਵਿਆਹ ਲਈਆਂ ਜੋ ਉਸ ਦੇ ਮਾਪਿਆਂ ਲਈ ਕੁੜੱਤਣ ਦਾ ਕਾਰਣ ਬਣ ਗਈਆਂ (26:34, 35; 27:46; 28:8)। ਕੁਝ ਸਮੇਂ ਤੱਕ ਉਹ ਯਾਕੂਬ ਦੇ ਵਿਰੁੱਧ ਖੁਣਸ ਨਾਲ ਭਰਿਆ ਰਿਹਾ ਕਿਉਂਕਿ ਉਸ ਨੇ ਉਨ੍ਹਾਂ ਦੇ ਪਿਤਾ ਦੀ ਮੌਤ ਤੋਂ ਠੀਕ ਪਹਿਲਾਂ ਉਸ ਦੀਆਂ

ਅਸੀਸਾਂ ਨੂੰ ਚੁਰਾ ਲਿਆ ਸੀ ਅਤੇ ਆਪਣੇ ਆਪ ਨੂੰ ਇਹ ਤਸੱਲੀ ਦਿੰਦਾ ਰਿਹਾ ਕਿ ਇੱਕ ਦਿਨ ਉਸ ਨੂੰ ਮਾਰ ਸੁੱਟੇਗਾ (27:41)। ਸ਼ਾਇਦ ਏਸਾਓ ਆਪਣੇ ਹਾਲਾਤਾਂ ਲਈ ਪਰਮੇਸ਼ੁਰ ਨੂੰ ਦੋਸ਼ੀ ਮੰਨਦਾ ਰਿਹਾ ਕਿਉਂਕਿ, ਜਿੱਥੇ ਤੱਕ ਪਵਿੱਤਰ ਸ਼ਾਸਤਰ ਦੱਸਦਾ ਹੈ, ਉਸ ਨੇ ਨਿਹਚਾਹੀਣ ਜੀਵਨ ਬਤੀਤ ਕੀਤਾ। ਇੱਥੋਂ ਤੱਕ ਕਿ ਇਬਰਾਨੀਆਂ ਦੀ ਪੁਸਤਕ ਦੇ ਲੇਖਕ ਨੇ ਉਸ ਨੂੰ “ਹਰਾਮਕਾਰ” ਅਤੇ “ਕੁਧਰਮੀ” (ਗੈਰਧਾਰਮਿਕ) ਵਿਅਕਤੀ ਆਖਿਆ (ਇਬਰਾਨੀਆਂ 12:16)। ਇਹ ਸਭ ਸੁਝਾਉ ਦਿੰਦਾ ਹੈ ਕਿ ਜੀਵਨ ਜੀਉਣ ਦਾ ਇੱਕ ਬਿਹਤਰ ਤਰੀਕਾ ਹੋਣਾ ਚਾਹੀਦਾ ਹੈ, ਅਰਥਾਤ ਪਰਮੇਸ਼ੁਰ ਦੀ ਇੱਛਾ ਨੂੰ ਸਵੀਕਾਰ ਕਰਨਾ - ਇੱਥੋਂ ਤੱਕ ਕਿ ਇਹ ਪਰਤੱਖ ਹੋਵੇ - ਅਤੇ ਉਸ ਦੀ ਆਗਿਆਕਾਰੀ ਕਰਨਾ। ਜਿਹੜੇ ਲੋਕ ਏਸਾਓ ਵਾਂਗ ਪਰਮੇਸ਼ੁਰ ਦੀ ਇੱਛਾ ਦਾ ਵਿਰੋਧ ਕਰਦਿਆਂ ਕੁੜੱਤਣ ਭਰਿਆ ਸੰਘਰਸ਼ ਕਰਦੇ ਹਨ, ਆਪਣੀ ਦੁਰਦਸ਼ਾ ਅਤੇ ਪਰੇਸ਼ਾਨੀਆਂ ਦੇ ਲਈ ਆਪ ਹੀ ਜ਼ਿੰਮੇਵਾਰ ਹੁੰਦੇ ਹਨ। ਸਨਾਤਨ ਘੁਮਿਆਰ ਦੇ ਹੱਥ ਵਿੱਚ ਆਪਣੇ ਆਪ ਨੂੰ ਸਮਰਪਿਤ ਕਰਨ ਤੋਂ ਇਨਕਾਰ ਕਰਕੇ ਉਹ ਉਨ੍ਹਾਂ ਦੀ ਜੀਵਨਾਂ ਵਿੱਚੋਂ ਕੁਝ ਲਾਭਕਾਰੀ ਅਤੇ ਸੁੰਦਰ ਬਣਾਉਣ ਦੀ ਉਸ ਦੀ ਯੋਜਨਾ ਨੂੰ ਬਰਬਾਦ ਕਰ ਦਿੰਦੇ ਹਨ (ਵੇਖੋ ਯਿਰਮਿਯਾਹ 18:1-12; 2 ਤਿਮੋਥਿਉਸ 2:20-22)।

## ਇੱਕ ਨਾਲੋਂ ਵਧੇਰੇ ਪਤਨੀਆਂ ਰੱਖਣ ਦੇ ਨਕਾਰਾਤਮਕ ਨਤੀਜਿਆਂ ਬਾਰੇ ਪਰਕਾਸ਼ (ਅਧਿਆਇ 29; 30)

ਇੱਕ ਪੁਰਸ਼ ਅਤੇ ਇੱਕ ਇਸਤਰੀ ਵਿਚਕਾਰ ਹੋਣ ਵਾਲੇ ਇੱਕ ਵਿਆਹ ਨੂੰ ਠਹਿਰਾਉਣ ਦੀ ਪਰਮੇਸ਼ੁਰ ਦੀ ਬੁੱਧੀ ਯਾਕੂਬ ਦੀਆਂ ਦੋ ਪਤਨੀਆਂ, ਰਾਖੇਲ ਅਤੇ ਲੇਆਹ ਵਿਚਕਾਰ ਹੋਣ ਵਾਲੇ ਝਗੜਿਆਂ, ਈਰਖਾ ਅਤੇ ਤਣਾਉ ਦੇ ਬਿਲਕੁਲ ਉਲਟ ਸੀ। ਉਹ ਦੋਵੇਂ ਇਹ ਸੋਚਦੀਆਂ ਸਨ ਕਿ ਉਨ੍ਹਾਂ ਦੇ ਪਤੀ ਦੀ ਮਨਪਸੰਦ ਪਤਨੀ ਉਹੀ ਇਸਤਰੀ ਹੋਵੇਗੀ ਜਿਹੜੀ ਸਭ ਤੋਂ ਜ਼ਿਆਦਾ ਬੱਚੇ ਜਣੇਗੀ; ਇਸ ਕਰਕੇ ਉਨ੍ਹਾਂ ਦੋਹਾਂ ਨੇ ਆਪਣੀਆਂ-ਆਪਣੀਆਂ ਗੋੱਲੀਆਂ ਵੀ ਯਾਕੂਬ ਨੂੰ ਦੇ ਦਿੱਤੀਆਂ ਤਾਂ ਜੋ ਉਨ੍ਹਾਂ ਤੋਂ ਪੈਦਾ ਹੋਣ ਵਾਲੇ ਬੱਚੇ ਵੀ ਇਨ੍ਹਾਂ ਦੇ ਆਪਣੇ ਹੀ ਗਿਣੇ ਜਾਣ। ਇਸ ਪੂਰਵਜ ਦੀਆਂ ਦੋਹਾਂ ਪਤਨੀਆਂ ਵਿਚਕਾਰਲੀ ਇਸ ਲਾਗਤਬਾਜੀ ਦੇ ਵਿਨਾਸਕਾਰੀ ਨਤੀਜਿਆਂ ਦਾ ਪ੍ਰਭਾਵ ਉਨ੍ਹਾਂ ਦੇ ਬੱਚਿਆਂ ਦੇ ਜੀਵਨਾਂ ਉੱਤੇ ਵੀ ਪਿਆ ਅਤੇ ਆਪ ਯਾਕੂਬ ਨੂੰ ਵੀ ਕਈ ਵਰ੍ਹੇ ਇਸੇ ਸੋਗ ਵਿੱਚ ਬਿਤਾਣੇ ਪਏ ਕਿ ਉਸ ਦਾ ਲਾਡਲਾ ਪੁੱਤਰ ਯੂਸੁਫ਼ ਮਰ ਚੁੱਕਾ ਹੈ।

## ਪਰਮੇਸ਼ੁਰ ਅੱਗੇ ਪ੍ਰਾਰਥਨਾ ਵਿੱਚ ਦ੍ਰਿੜ੍ਹਤਾ ਦਾ ਮਹੱਤਵ (ਅਧਿਆਇ 28; 32)

28:20-22 ਵਿੱਚ ਯਾਕੂਬ ਦੀ ਪ੍ਰਾਰਥਨਾ ਅਸਲ ਵਿੱਚ ਪਰਮੇਸ਼ੁਰ ਦੇ ਨਾਲ ਇੱਕ “ਜੇ . . . ਤਾਂ” ਵਾਲੀ ਸੌਦੇਬਾਜ਼ੀ ਹੈ, ਪਰ ਮਨੁੱਖ ਦੁਆਰਾ ਪਰਮੇਸ਼ੁਰ ਲਈ ਕੁਝ ਕੀਤੇ ਜਾਣ ਦੇ ਬਦਲੇ ਵਿੱਚ ਪਰਮੇਸ਼ੁਰ ਤੋਂ ਕੁਝ ਕਰਵਾਉਣ ਲਈ ਉਸ ਨੂੰ ਮਜਬੂਰ ਕਰਕੇ ਰੱਬੀ ਅਸੀਸਾਂ ਪ੍ਰਾਪਤ ਨਹੀਂ ਕੀਤੀਆਂ ਜਾਂਦੀਆਂ। ਅਤੇ ਨਾ ਹੀ ਕੋਈ ਵਿਅਕਤੀ ਪ੍ਰਭੂ ਦੇ ਇੱਕ ਦੂਤ ਨਾਲ ਘੋਲ ਕਰਦਿਆਂ ਆਪਣੀ ਸਰੀਰਕ ਤਾਕਤ ਜਾਂ ਇੱਛਾ ਸ਼ਕਤੀ ਦਾ ਪ੍ਰਦਰਸ਼ਣ ਕਰਕੇ ਪਰਮੇਸ਼ੁਰ ਦੀਆਂ ਅਸੀਸਾਂ ਪ੍ਰਾਪਤ ਕਰ ਸਕਦਾ ਹੈ! ਯਾਕੂਬ ਨੇ ਅਸਲੀ ਨਿਸਤਾਰੇ ਦਾ ਅਨੁਭਵ ਉਸ ਵੇਲੇ ਕੀਤਾ ਜਦ ਉਸ ਨੇ ਸਿਆਣ ਲਿਆ ਕਿ ਉਹ ਉਨ੍ਹਾਂ ਵੱਲ ਵਧ ਰਹੇ ਏਸਾਓ ਦੇ ਚਾਰ ਸੌ ਹਥਿਆਰਬੰਦ ਸਾਥੀਆਂ ਤੋਂ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਨਹੀਂ ਬਚਾ ਸਕਦਾ (ਵੇਖੋ 33:1)। ਕੋਈ ਚਾਲਬਾਜੀ, ਝੂਠ, ਜਾਂ ਸਕੀਮ ਹੁਣ ਯਾਕੂਬ ਨੂੰ ਬਚਾ ਨਹੀਂ ਸਕਦੀ ਸੀ। ਉਸ ਦੀ ਇੱਕਮਾਤਰ ਆਸ ਇਹ ਸੀ ਕਿ ਉਹ ਪਰਮੇਸ਼ੁਰ ਨੂੰ ਦ੍ਰਿੜ੍ਹਤਾ ਨਾਲ ਫੜੀ ਰੱਖੇ - ਜਿਵੇਂ ਉਸ ਨੇ 32:22-32 ਵਿੱਚ ਦੂਤ ਨੂੰ

ਫੜਿਆ ਸੀ - ਅਤੇ ਉਸ ਤੋਂ ਅਸੀਸ ਪ੍ਰਾਪਤੀ ਦੀ ਬੇਨਤੀ ਕਰੇ।

ਇਸ ਕਰਕੇ ਨਿਹਚਾ ਨਾਲ ਦ੍ਰਿੜ੍ਹਤਾ ਭਰੀ ਬੇਨਤੀ ਕਰਦੇ ਰਹਿਣਾ ਹੀ ਪ੍ਰਾਰਥਨਾ ਦਾ ਉੱਤਰ ਲਿਆਉਣ ਦੀ ਕੁੰਜੀ ਹੈ; ਅਤੇ ਅਜਿਹਾ ਇਸ ਕਰਕੇ ਨਹੀਂ ਹੈ ਕਿ ਪਰਮੇਸ਼ੁਰ ਨੂੰ ਆਪਣੇ ਲਈ ਕੁਝ ਕਰਨ ਖਾਤਰ ਉਸ ਨੂੰ ਮਨਾਉਣ ਲਈ ਮਨੁੱਖ ਨੂੰ ਬਹੁਤ ਜ਼ਿਆਦਾ ਜਤਨ ਕਰਦੇ ਪੈਂਦੇ ਹਨ। ਸਗੋਂ ਦ੍ਰਿੜ੍ਹਤਾ ਨਾਲ ਭਰੀ ਪ੍ਰਾਰਥਨਾ ਇਸ ਤੱਥ ਨੂੰ ਸਿਆਣਦੀ ਹੈ ਕਿ ਅਸੀਸ ਦਾ ਮੂਲ ਸਰੋਤ ਪਰਮੇਸ਼ੁਰ ਹੀ ਹੈ; ਅਤੇ ਮਨੁੱਖ ਟੁੱਟ ਜਾਣ ’ਤੇ ਅਤੇ ਮਦਦ ਲਈ ਆਪਣੀ ਲੋੜ ਨੂੰ ਸਿਆਣ ਕੇ, ਪ੍ਰਭੂ ਦੀ ਭਲਿਆਈ ਅਤੇ ਕਿਰਪਾ ਵਿੱਚ ਆਪਣੇ ਭਰੋਸੇ ਨੂੰ ਪਰਗਟ ਕਰਦਾ ਹੈ।

### ਪਰਮੇਸ਼ੁਰ ਦਾ ਅਲੌਕਿਕ ਪ੍ਰਬੰਧ (ਅਧਿਆਇ 37-50)

ਯੂਸੁਫ਼ ਦਾ ਵਿਰਤਾਂਤ ਦਰਸਾਉਂਦਾ ਹੈ ਕਿ ਕਿਵੇਂ ਪਰਮੇਸ਼ੁਰ ਲੋਕਾਂ ਦੇ ਜੀਵਨਾਂ ਅਤੇ ਕੌਮਾਂ ਵਿੱਚ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਪਿੱਛੇ ਰਹਿ ਕੇ ਕੰਮ ਕਰਦਾ ਰਹਿੰਦਾ ਹੈ ਅਤੇ ਅਜਿਹਾ ਕਰਕੇ ਵੀ ਮੁਕਤ ਇੱਛਾ ਦਾ ਖੰਡਣ ਨਹੀਂ ਕਰਦਾ। ਮਨੁੱਖ ਪਰਮੇਸ਼ੁਰ ਦੀ ਸ਼ਤਰੰਜ ਦੇ ਪਿਆਦੇ ਨਹੀਂ ਹਨ, ਜਿਨ੍ਹਾਂ ਨੂੰ ਪਰਮੇਸ਼ੁਰ ਪਹਿਲਾਂ ਇੱਕ ਪਾਸੇ ਅਤੇ ਫਿਰ ਦੂਜੇ ਪਾਸੇ ਧੱਕਦਾ ਰਹਿੰਦਾ ਹੈ। ਇਸ ਦੇ ਉਲਟ ਪ੍ਰਭੂ ਲੋਕਾਂ ਦੁਆਰਾ ਕੀਤੇ ਜਾਣ ਵਾਲੇ ਚੰਗੇ ਅਤੇ ਮਾੜੇ ਕੰਮਾਂ ਨੂੰ ਲੈਂਦਾ ਹੈ ਅਤੇ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਉਨ੍ਹਾਂ ਨੂੰ ਇਸਤੇਮਾਲ ਕਰਦਾ ਹੈ (ਰੋਮੀਆਂ 8:28)। ਯੂਸੁਫ਼ ਦੇ ਲਈ ਪਰਮੇਸ਼ੁਰ ਦੀ ਇੱਛਾ ਇਹ ਸੀ ਕਿ ਅਬਰਾਹਾਮ ਦੀ ਅੰਸ ਹੁੰਦਿਆਂ ਹੋਇਆਂ ਉਹ ਯਾਕੂਬ ਦੇ ਘਰਾਣੇ ਲਈ, ਮਿਸਰ ਲਈ ਅਤੇ ਪੁਰਾਤਨ ਭੂਮੱਧ ਇਲਾਕੇ ਦੇ ਲਈ ਅਸੀਸਾਂ ਦਾ ਇੱਕ ਵਸੀਲਾ ਬਣੇ।

ਯੂਸੁਫ਼ ਦਾ ਵਿਰਤਾਂਤ ਸਜੀਵ ਅਤੇ ਸਪੱਸ਼ਟ ਤਰੀਕੇ ਨਾਲ ਦਰਸਾਉਂਦਾ ਹੈ ਕਿ ਪਰਮੇਸ਼ੁਰ ਮਨੁੱਖਾਂ ਦੇ ਹੰਕਾਰੀ, ਸੁਆਰਥੀ ਅਤੇ ਦੁਸ਼ਟ ਕੰਮਾਂ - ਜਿਵੇਂ ਕਿ ਇੱਕ ਭਰਾ ਨੂੰ ਮਿਸਰੀ ਗੁਲਾਮੀ ਵਿੱਚ ਵੇਚਣਾ - ਆਪਣੀਆਂ ਯੋਜਨਾਵਾਂ ਦੀ ਪੂਰਤੀ ਲਈ ਇਸਤੇਮਾਲ ਕਰ ਸਕਦਾ ਹੈ, ਹਾਲਾਂਕਿ ਕਦੇ-ਕਦੇ ਇਸ ਵਿੱਚ ਲੰਮਾ ਅਤੇ ਔਖਾ ਸਮਾਂ ਲੱਗ ਸਕਦਾ ਹੈ। ਨਿਰਸੰਦੇਹ ਪਰਮੇਸ਼ੁਰ ਉਨ੍ਹਾਂ ਲੋਕਾਂ ਨੂੰ ਬਹੁਤਾਤ ਨਾਲ ਇਸਤੇਮਾਲ ਕਰ ਸਕਦਾ ਹੈ ਜੋ ਉਸ ਦੀ ਇੱਛਾ ਦੀ ਪੂਰਤੀ ਦੀ ਭਾਲ ਕਰਦੇ ਰਹਿੰਦੇ ਹਨ; ਪਰ ਤਾਂ ਵੀ ਇਹ ਸੰਭਵ ਹੈ ਕਿ ਉਸ ਦਾ ਹੱਥ ਉਨ੍ਹਾਂ ਦੇ ਜੀਵਨ ਵਿੱਚ ਪ੍ਰਤੱਖ ਦਿਖਾਈ ਨਾ ਦੇਵੇ। ਪਰਮੇਸ਼ੁਰ ਦੀ ਰੱਬੀ ਦੇਖਭਾਲ ਨੂੰ ਸਰਬਉੱਤਮ ਰੀਤੀ ਨਾਲ ਤਦ ਸਮਝਿਆ ਜਾ ਸਕਦਾ ਹੈ ਜਦ ਅਸੀਂ ਅਤੀਤ ਦਾ ਅਧਿਐਨ ਕਰਦੇ ਹਾਂ (45:5-7; 50:20)।

### ਈਸ਼ੁਰੀ ਚਰਿੱਤਰ ਦੀ ਉਸਾਰੀ ਵਿੱਚ ਨੈਤਿਕ ਸਿਧਾਂਤਾਂ ਦਾ ਮਹੱਤਵ (ਅਧਿਆਇ 39)

ਯੂਸੁਫ਼ ਮਿਸਰ ਵਿੱਚ ਗੁਲਾਮ ਸੀ ਅਤੇ ਜਦ ਪੋਟੀਫ਼ਰ ਦੀ ਪਤਨੀ ਨੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦੇ ਬਾਰ-ਬਾਰ ਜਤਨ ਕੀਤੇ ਤਾਂ ਯੂਸੁਫ਼ ਵੱਲੋਂ ਇਸ ਦਾ ਇਨਕਾਰ ਕਰਨ ਦੇ ਦੋ ਕਾਰਣ ਦਿੱਤੇ ਗਏ। ਅਸਲ ਵਿੱਚ ਉਸ ਨੇ ਆਖਿਆ, “ਤੁਹਾਡੇ ਪਤੀ ਨੇ ਤੁਹਾਨੂੰ ਛੱਡ ਕੇ ਬਾਕੀ ਸਭਕੁਝ ਮੇਰੇ ਅਧਿਕਾਰ ਵਿੱਚ ਦਿੱਤਾ ਹੋਇਆ ਹੈ; ਇਸ ਕਰਕੇ ਉਨ੍ਹਾਂ ਨੂੰ ਆਪਣੀ ਕਿਸੇ ਵੀ ਸੰਪਤੀ ਲਈ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਪੈਂਦੀ।” ਕਹਿਣ ਦਾ ਭਾਵ ਇਹ ਸੀ, “ਪੋਟੀਫ਼ਰ ਮੇਰੇ ਉੱਤੇ ਭਰੋਸਾ ਕਰਦਾ ਹੈ ਅਤੇ ਉਸ ਦੀ ਪਤਨੀ ਦੇ ਨਾਲ ਜਿਨਸੀ ਸੰਬੰਧ ਬਣਾਉਣ ਦਾ ਅਰਥ ਹੈ ਉਸ ਦੇ ਭਰੋਸੇ ਨੂੰ ਬੁਰੀ ਤਰ੍ਹਾਂ ਭੰਗ ਕਰਨਾ।” ਉਸ ਨੇ ਇਹ ਵੀ ਆਖਿਆ ਕਿ ਕਿਸੇ ਹੋਰ ਦੀ ਪਤਨੀ ਦੇ ਨਾਲ ਹਰਾਮਕਾਰੀ ਕਰਨਾ ਪਰਮੇਸ਼ੁਰ ਦੇ ਵਿਰੁੱਧ ਇੱਕ ਪਾਪ ਹੈ।

ਇਸ ਗੱਲ ਦਾ ਸਿਰਫ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਯੂਸੁਫ਼ ਨੇ ਅਜਿਹੀ

ਤਕੜੀ ਖਰਾਈ ਅਤੇ ਨੈਤਿਕ ਸਿਧਾਂਤਾਂ ਨੂੰ ਕਿਵੇਂ ਵਿਕਸਿਤ ਕੀਤਾ ਹੋਵੇਗਾ। ਸ਼ਾਇਦ ਉਸ ਦੇ ਮਾਪਿਆਂ, ਯਾਕੂਬ ਅਤੇ ਰਾਖੇਲ, ਨੇ ਉਸ ਨੂੰ ਦੱਸਿਆ ਹੋਵੇਗਾ ਕਿ ਕਿਵੇਂ ਝੂਠ ਅਤੇ ਧੋਖੇ ਨੇ ਉਨ੍ਹਾਂ ਦੇ ਉੱਤੇ ਅਤੇ ਉਨ੍ਹਾਂ ਦੇ ਮਾਪਿਆਂ ਦੇ ਉੱਤੇ ਕਿੰਨੇ ਸੰਕਟ ਅਤੇ ਕਸ਼ਟ ਲਿਆਂਦੇ ਸਨ ਅਤੇ ਨਾਲ ਹੀ ਇਹ ਵੀ ਕਿ ਜਿਨਸੀ ਸੰਬੰਧਾਂ ਦੇ ਮਸਲੇ ਵਿੱਚ ਪਰਮੇਸ਼ੁਰ ਆਪਣੇ ਲੋਕਾਂ ਤੋਂ ਕਿਸ ਤਰ੍ਹਾਂ ਦੀ ਨੈਤਿਕਤਾ ਦੀ ਮੰਗ ਕਰਦਾ ਹੈ। ਹਰਾਮਕਾਰੀ ਸਿਰਫ ਇੱਕ ਅਜਿਹੀ ਸਮਾਜਕ ਮੂਰਖਤਾ ਨਹੀਂ ਹੈ ਜਿਸ ਨੂੰ ਬੜੀ ਅਸਾਨੀ ਨਾਲ ਸਹੀ ਠਹਿਰਾਇਆ ਜਾ ਸਕਦਾ ਹੈ; ਸਗੋਂ ਇਹ ਤਾਂ ਅਜਿਹਾ ਗੰਭੀਰ ਪਾਪ ਹੈ ਜੋ ਪਰਮੇਸ਼ੁਰ ਦੇ ਆਪਣੇ ਸੁਭਾਉ ਦੇ ਉਲਟ ਹੈ ਅਤੇ ਉਹ ਅਜਿਹੇ ਕੰਮਾਂ ਨੂੰ ਹਮੇਸ਼ਾ ਜਾਣਦਾ ਹੈ।

## ਪਰਮੇਸ਼ੁਰ ਦੀ ਮਾਫੀ ਅਤੇ ਪੁਨਰਮੇਲ (ਅਧਿਆਇ 42-45)

ਉੱਪਰੀ ਤੌਰ ’ਤੇ ਵੇਖਿਆ ਜਾਵੇ ਤਾਂ ਯੂਸੁਫ਼ ਵੱਲੋਂ ਆਪਣੇ ਭਰਾਵਾਂ ਨਾਲ ਕੀਤਾ ਗਿਆ ਕਠੋਰ ਵਿਹਾਰ ਅਤੇ ਆਪਣੀ ਮਨ-ਮਰਜ਼ੀ ਬਦਲੇ ਦੀ ਭਾਵਨਾ ਨਾਲ ਕੀਤਾ ਗਿਆ ਕੰਮ ਪ੍ਰਤੀਤ ਹੁੰਦੀ ਹੈ ਜਿਸ ਨੂੰ ਉਸ ਨੇ ਮਿਸਰ ਵਿਚਲੇ ਆਪਣੇ ਕਈ ਵਰ੍ਹਿਆਂ ਦੇ ਕਸ਼ਟਾਂ ਅਤੇ ਦੁਖਾਂ ਲਈ ਆਪਣੇ ਭਰਾਵਾਂ ਨੂੰ ਸਬਕ ਸਿਖਾਉਣ ਲਈ ਕੀਤਾ ਸੀ। ਪਰ ਇਹ ਸ਼ਾਇਦ ਇਹ ਜਾਂਚਣ ਲਈ ਕੀਤਾ ਗਿਆ ਕੰਮ ਸੀ ਕਿ ਐਨਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਕੀ ਉਸ ਦੇ ਭਰਾ ਉਹੋ ਜਿਹੇ ਹੀ ਹਨ ਜਿਹੋ ਜਿਹੇ ਉਹ ਉਸ ਦੀ ਜੁਆਨੀ ਦੇ ਸਮੇਂ ਹੋਇਆ ਕਰਦੇ ਸਨ। ਕੀ ਉਨ੍ਹਾਂ ਨੂੰ ਉਸ ਕੰਮ ਦਾ ਅਫਸੋਸ ਸੀ ਜਿਹੜਾ ਉਨ੍ਹਾਂ ਨੇ ਆਪਣੇ ਛੋਟੇ ਭਰਾ ਨਾਲ ਕੀਤਾ ਸੀ? ਕੀ ਪੁਨਰਮੇਲ ਸੰਭਵ ਸੀ? ਕੀ ਉਹ ਦੁਬਾਰਾ ਇੱਕ ਪਰਿਵਾਰ ਹੋ ਸਕਦੇ ਸਨ?

ਨਿਰਸੰਦੇਹ ਸੱਚਾ ਪੁਨਰਮੇਲ ਸਿਰਫ ਤਦ ਹੀ ਸੰਭਵ ਸੀ ਜੇਕਰ ਵੱਡੇ ਭਰਾ ਸੱਚਮੁੱਚ ਤੋਬਾ ਕਰ ਚੁੱਕੇ ਸਨ। ਭਰਾਵਾਂ ਦੁਆਰਾ ਮਿਸਰ ਵਿੱਚ ਇੱਕ ਨਾਲੋਂ ਵਧੇਰੇ ਸਮੇਂ ਝੱਲੀਆਂ ਗਈਆਂ ਔਖਿਆਈਆਂ ਦੇ ਕਾਰਣ ਉਨ੍ਹਾਂ ਨੇ ਇਹ ਮੰਨ ਲਿਆ ਕਿ ਉਨ੍ਹਾਂ ਵੱਲੋਂ ਯੂਸੁਫ਼ ਦੇ ਨਾਲ ਕੀਤੇ ਗਏ ਮਾੜੇ ਵਿਹਾਰ ਦੇ ਲਈ ਹੁਣ ਪਰਮੇਸ਼ੁਰ ਉਨ੍ਹਾਂ ਨੂੰ ਸਹੀ ਸਜ਼ਾ ਦੇ ਰਿਹਾ ਹੈ। ਆਖਿਰਕਾਰ ਜਦ ਯੂਸੁਫ਼ ਨੇ ਆਪਣੇ ਆਪ ਨੂੰ ਆਪਣੇ ਭਰਾਵਾਂ ਦੇ ਸਾਹਮਣੇ ਉਜਾਗਰ ਕੀਤਾ ਅਤੇ ਉਨ੍ਹਾਂ ਨੂੰ ਮਾਫੀ ਦੀ ਤਸੱਲੀ ਦਿੱਤੀ, ਤਾਂ ਉਸ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਅਜਿਹਾ ਉਸ ਨੇ ਸਿਰਫ ਉਨ੍ਹਾਂ ਦੇ ਲਈ ਆਪਣੇ ਪਿਆਰ ਦੀ ਖਾਤਰ ਨਹੀਂ ਕੀਤਾ ਹੈ ਸਗੋਂ ਇਸ ਕਰਕੇ ਵੀ ਕਿ ਉਸ ਨੇ ਇਹ ਵੀ ਸਿਆਣ ਲਿਆ ਸੀ ਭਈ ਉਨ੍ਹਾਂ ਦੇ ਜੀਵਨਾਂ ਦੇ ਰਾਹੀਂ ਪਰਮੇਸ਼ੁਰ ਦੇ ਉਦੇਸ਼ ਪੂਰੇ ਹੋ ਰਹੇ ਸਨ।

## ਭਵਿੱਖ ਦੀ ਕੁੰਜੀ ਵਜੋਂ ਆਸ (ਅਧਿਆਇ 49; 50)

ਜਿਹੜੀਆਂ ਅਸੀਸਾਂ ਯਾਕੂਬ ਨੇ ਆਪਣੇ ਪੁੱਤਰਾਂ ਨੂੰ ਦਿੱਤੀਆਂ ਸਨ ਉਹ ਪਹਿਲਾਂ ਉਨ੍ਹਾਂ ਦੇ ਆਪਣੇ ਲਈ ਸਨ; ਪਰ ਨਾਲ ਹੀ ਵਿਸਤ੍ਰਿਤ ਭਾਵ ਨਾਲ ਉਹ ਉਨ੍ਹਾਂ ਦੀ ਅੰਸ, ਕਨਾਨ ਵਿੱਚ ਵੱਸਣ ਵਾਲੀਆਂ ਇਸਰਾਏਲ ਦੀਆਂ ਬਾਰਾਂ ਗੋਤਾਂ, ਦੇ ਭਵਿੱਖ ਨਾਲ ਵੀ ਸੰਬੰਧਤ ਸਨ। ਅਬਰਾਹਾਮ ਨੂੰ ਦਿੱਤੀ ਗਈ ਪ੍ਰਤਿੱਗਿਆ ਦੇ ਵਾਰਿਸਾਂ ਵਜੋਂ ਉਹ ਉਸ ਉੱਚੇ ਅਤੇ ਪਵਿੱਤਰ ਸੱਦੇ ਨੂੰ ਕਦੇ ਨਹੀਂ ਭੁਲਾ ਸਕਦੇ ਸਨ ਜਿਹੜਾ ਪਰਮੇਸ਼ੁਰ ਨੇ ਉਨ੍ਹਾਂ ਨੂੰ, ਉਨ੍ਹਾਂ ਦੀ ਸੰਤਾਨ ਨੂੰ ਅਤੇ ਸਾਰੇ ਸੰਸਾਰ ਨੂੰ ਦਿੱਤਾ ਸੀ (12:1-3)। ਹਰੇਕ ਪੀੜ੍ਹੀ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀ ਸੰਤਾਨ ਨੂੰ ਸਿਖਾਵੇ ਕਿ ਉਹ ਕੌਣ ਹਨ, ਕਿਸ ਦੇ ਹਨ ਅਤੇ ਕਿਉਂ ਹਨ (ਉਨ੍ਹਾਂ ਦਾ ਉਦੇਸ਼ ਕੀ ਹੈ)। ਉਨ੍ਹਾਂ ਦਾ ਭਵਿੱਖ ਉਜਲਾ ਹੁੰਦਾ ਹੈ ਜਿਨ੍ਹਾਂ ਦੇ ਕੋਲ ਸੰਭਾਲਣ ਲਈ ਪ੍ਰਤਿੱਗਿਆਵਾਂ ਅਤੇ ਪੂਰੀਆਂ ਕਰਨ ਲਈ ਜ਼ਿੰਮੇਵਾਰੀਆਂ ਹੁੰਦੀਆਂ ਹਨ ਅਤੇ ਜੋ ਉਨ੍ਹਾਂ ਦੀ ਅਣਦੇਖੀ ਨਹੀਂ ਕਰਦੇ।

ਯਾਕੂਬ ਦੀਆਂ ਅਸੀਸਾਂ ਵਿੱਚ ਇਹ ਸਪੱਸ਼ਟ ਹੈ ਕਿ ਇਸਰਾਏਲ ਦੇ ਭਵਿੱਖ ਦੀ ਆਸ ਉਸ ਇੱਕ ਹਾਕਮ ਉੱਤੇ ਟਿਕੇਗੀ ਜੋ ਯਹੂਦਾਹ ਦੇ ਗੋਤ ਵਿੱਚੋਂ ਉੱਠੇਗਾ ਅਤੇ ਲੋਕ (ਗੈਰਕੌਮਾਂ) ਉਸ ਦੀ ਆਗਿਆਕਾਰੀ ਕਰਨਗੇ (49:10)। ਇਸ ਪੁਸਤਕ ਦੇ ਅੰਤ ਵਿੱਚ ਯੂਸੁਫ਼ ਆਪਣੇ ਭਰਾਵਾਂ ਨੂੰ ਪਰਮੇਸ਼ੁਰ ਦੀਆਂ ਉਹ ਪ੍ਰਤਿੱਗਿਆਵਾਂ ਚੇਤੇ ਕਰਾਉਂਦਾ ਹੈ ਜਿਹੜੀਆਂ ਉਸ ਨੇ ਅਬਰਾਹਾਮ ਨੂੰ ਦਿੱਤੀਆਂ ਸਨ ਅਤੇ ਇਹ ਹੁਕਮ ਦਿੰਦਾ ਹੈ ਕਿ ਜਦ ਉਹ ਮਿਸਰ ਛੱਡ ਕੇ ਜਾਣ ਤਾਂ ਉਸ ਦੀਆਂ ਹੱਡੀਆਂ ਨੂੰ ਜ਼ਰੂਰ ਨਾਲ ਲੈ ਕੇ ਜਾਣ ਕਿਉਂਕਿ ਮਿਸਰ ਉਨ੍ਹਾਂ ਦਾ ਚਿਰਸਥਾਈ ਘਰ ਨਹੀਂ ਸੀ। ਉਹ ਅਜਿਹੇ ਲੋਕ ਸਨ ਜਿਨ੍ਹਾਂ ਦੀ ਨਿਯਤੀ ਪ੍ਰਤਿੱਗਿਆ ਕੀਤੇ ਗਏ ਦੇਸ ਵਿੱਚ ਪੂਰੀ ਹੋਣੀ ਸੀ (50:24, 25)।

## ਰੂਪਰੇਖਾ

ਇੱਕ ਮਾਨਤਾ ਇਸ ਪੁਸਤਕ ਨੂੰ ਦੋ ਵੱਡੇ ਭਾਗਾਂ ਵਿੱਚ ਵੰਡਦੀ ਹੈ। ਪਹਿਲੇ ਭਾਗ ਵਿੱਚ ਅੱਤ ਪੁਰਾਤਨ ਇਤਹਾਸ ਦਰਜ ਹੈ, ਜਦਕਿ ਦੂਜੇ ਭਾਗ ਵਿੱਚ ਪੂਰਵਜਾਂ - ਅਬਰਾਹਾਮ, ਇਸਹਾਕ, ਯਾਕੂਬ ਅਤੇ ਯੂਸੁਫ਼ - ਦੇ ਵਿਰਤਾਂਤ ਦਰਜ ਹਨ।

*ਭਾਗ 1*

I. ਸੰਸਾਰ ਦਾ ਅੱਤ ਪੁਰਾਤਨ ਇਤਹਾਸ (1:1-11:32)
   A. ਸਰਿਸ਼ਟੀ ਦਾ ਅਰੰਭ ਅਤੇ ਪੂਰਾ ਹੋਣਾ (1:1-2:3)
   B. ਬਾਗ ਵਿੱਚ ਆਦਮੀ ਨੂੰ ਰੱਖਣਾ ਅਤੇ ਇਸਤਰੀ ਦੀ ਸਰਿਸ਼ਟੀ (2:4-25)
   C. ਮਨੁੱਖ ਦਾ ਪਤਨ (3:1-24)
   D. ਬਾਗ ਤੋਂ ਬਾਹਰ ਆਦਮ ਅਤੇ ਹੱਵਾਹ ਦਾ ਪਰਿਵਾਰ (4:1-16)
   E. ਦੋ ਬੰਸਾਵਲੀਆਂ (4:17-26)
   F. ਅੱਤ ਪੁਰਾਤਨ ਪੂਰਵਜ (5:1-32)
   G. ਜਲ ਪਰਲੋ: ਵਿਨਾਸ ਅਤੇ ਬਚਾਉ (6:1-22)
   H. ਜਲ ਪਰਲੋ ਆਉਣਾ (7:1-24)
   I. ਮਨੁੱਖਜਾਤੀ ਦਾ ਨਵਾਂ ਅਰੰਭ (8:1-22)
   J. ਨਵੇਂ ਸੰਸਾਰ ਲਈ ਪਰਮੇਸ਼ੁਰ ਦੇ ਹੁਕਮ ਅਤੇ ਨੇਮ (9:1-29)
   K. ਨੂਹ ਦੀ ਅੰਸ (10:1-32)
   L. ਕੌਮਾਂ ਦਾ ਖਿੰਡਣਾ: ਭਾਸ਼ਾਵਾਂ ਦਾ ਉਲਟ ਪੁਲਟ ਹੋਣਾ ਅਤੇ ਬੰਸਾਵਲੀਆਂ (11:1-32)

*ਭਾਗ 2*

II. ਅਬਰਾਹਾਮ ਦਾ ਵਿਰਤਾਂਤ (12:1-25:18)
   A. ਨਵੇਂ ਦੇਸ ਕਨਾਨ ਨੂੰ ਜਾਣ ਲਈ ਅਬਰਾਹਾਮ ਦਾ ਸੱਦਾ (12:1-20)
   B. ਅਬਰਾਹਾਮ ਅਤੇ ਲੂਤ ਦਾ ਵੱਖਰੇ ਹੋਣਾ ਅਤੇ ਪ੍ਰਤਿੱਗਿਆਵਾਂ ਨੂੰ ਮੁੜ ਨਵਾਂ ਕਰਨਾ (13:1-18)
   C. ਅਬਰਾਹਾਮ ਦਾ ਯੁੱਧ ਲੜਣਾ ਅਤੇ ਦੋ ਰਾਜਿਆਂ ਨੂੰ ਮਿਲਣਾ (14:1-24)
   D. ਅਬਰਾਹਾਮ ਨੂੰ ਭੂਮੀ ਦੇਣ ਦਾ ਪਰਮੇਸ਼ੁਰ ਦਾ ਨੇਮ (15:1-21)

E. ਹਾਜਰਾ ਅਤੇ ਇਸਮਾਏਲ ਦੀ ਵਾਰਤਾ (16:1-16)
F. ਅਬਰਾਹਾਮ ਨੂੰ ਇੱਕ ਕੌਮ ਬਣਾਉਣ ਦਾ ਪਰਮੇਸ਼ੁਰ ਦਾ ਨੇਮ (17:1-27)
G. ਪਰਮੇਸ਼ੁਰ ਦਾ ਅਬਰਾਹਾਮ ਕੋਲ ਆਉਣਾ (18:1-33)
H. ਸਦੂਮ ਅਤੇ ਅਮੂਰਾਹ ਦਾ ਵਿਨਾਸ (19:1-38)
I. ਅਬਰਾਹਾਮ ਅਤੇ ਸਾਰਾਹ ਗਰਾਰ ਵਿੱਚ: ਪਰਮੇਸ਼ੁਰ ਦੀ ਪ੍ਰਤਿੱਗਿਆ ਦੀ ਹਿਫਾਜਤ (20:1-18)
J. ਇਸਹਾਕ ਦਾ ਜਨਮ (21:1-7)
K. ਇਸਹਾਕ ਅਤੇ ਇਸਮਾਏਲ ਵਿਚਕਾਰ ਤਣਾਉ (21:8-21)
L. ਅਬਰਾਹਾਮ ਦੀ ਅਬੀਮਲਕ ਨਾਲ ਸੰਧੀ (21:22-34)
M. ਅਬਰਾਹਾਮ ਦੀ ਨਿਹਚਾ ਦੀ ਪਰਖ: ਉਸ ਦੇ ਪੁੱਤਰ ਇਸਹਾਕ ਨੂੰ ਬਲੀ ਚੜ੍ਹਾਉਣ ਦਾ ਸੱਦਾ (22:1-24)
N. ਸਾਰਾਹ ਦਾ ਦੇਹਾਂਤ (23:1-20)
O. ਪਰਮੇਸ਼ੁਰ ਦਾ ਪ੍ਰਬੰਧ: ਇਸਹਾਕ ਲਈ ਪਤਨੀ (24:1-67)
P. ਅਬਰਾਹਾਮ ਦਾ ਆਖਰੀ ਸਮਾਂ (25:1-11)
Q. ਇਸਮਾਏਲ ਦੀ ਅੰਸ (25:12-18)

III. ਇਸਹਾਕ ਦਾ ਵਿਰਤਾਂਤ (25:19-28:9)
A. ਏਸਾਓ ਅਤੇ ਯਾਕੂਬ ਦਾ ਜਨਮ (25:19-26)
B. ਏਸਾਓ ਤੋਂ ਉਸ ਦਾ ਜੇਠੇ ਹੋਣ ਦਾ ਹੱਕ ਹਾਸਲ ਕਰਨ ਲਈ ਯਾਕੂਬ ਦਾ ਸੌਦਾ (25:27-34)
C. ਇਸਹਾਕ ਦਾ ਫਿਲਿਸਤੀਆਂ ਵਿੱਚ ਵੱਸਣਾ (26:1-33)
D. ਏਸਾਓ ਦੀਆਂ ਹਿੱਤੀ ਪਤਨੀਆਂ ਕਾਰਣ ਇਸਹਾਕ ਅਤੇ ਰਿਬਕਾਹ ਦੇ ਕਸ਼ਟ (26:34, 35)
E. ਯਾਕੂਬ ਦੁਆਰਾ ਏਸਾਓ ਦੀ ਅਸੀਸ ਚੁਰਾਉਣਾ (27:1-45)
F. ਯਾਕੂਬ ਦੇ ਹਾਰਾਨ ਜਾਣ ਤੋਂ ਪਹਿਲਾਂ ਉਸ ਨੂੰ ਇਸਹਾਕ ਦਾ ਹੁਕਮ (27:46-28:5)
G. ਇਸਹਾਕ ਨੂੰ ਪ੍ਰਸੰਨ ਕਰਨ ਲਈ ਏਸਾਓ ਦਾ ਇੱਕ ਹੋਰ ਵਿਆਹ ਕਰਨਾ (28:6-9)

IV. ਯਾਕੂਬ ਦਾ ਵਿਰਤਾਂਤ (28:10-36:43)
A. ਯਾਕੂਬ ਬੈਤਏਲ ਵਿੱਚ: ਪਰਮੇਸ਼ੁਰ ਦਾ ਦਰਸ਼ਣ ਅਤੇ ਇੱਕ ਸੁੱਖਣਾ (28:10-22)
B. ਯਾਕੂਬ ਦੇ ਵਿਆਹ (29:1-30)
C. ਲੇਆਹ ਅਤੇ ਰਾਖੇਲ ਵਿਚਲੀ ਲਾਗਤਬਾਜੀ (29:31-30:24)
D. ਯਾਕੂਬ ਦਾ ਇੱਜੜਾਂ ਲਈ ਲਾਬਾਨ ਨਾਲ ਸੌਦਾ (30:25-43)
E. ਯਾਕੂਬ ਅਤੇ ਉਸ ਦੇ ਪਰਿਵਾਰ ਦੀ ਲਾਬਾਨ ਤੋਂ ਵਿਦਾਈ (31:1-55)
F. ਵੀਹ ਵਰ੍ਹਿਆਂ ਬਾਅਦ ਯਾਕੂਬ ਅਤੇ ਏਸਾਓ ਦਾ ਪੁਨਰਮੇਲ (32:1-33:17)

G. ਯਾਕੂਬ ਅਤੇ ਉਸ ਦੇ ਪਰਿਵਾਰ ਦਾ ਸ਼ਕਮ ਵਿੱਚ ਜਾ ਵੱਸਣਾ (33:18-34:31)
H. ਬੈਤਏਲ ਨੂੰ ਵਾਪਸੀ (35:1-15)
I. ਬੈਤਏਲ ਤੋਂ ਬਾਅਦ ਦੀਆਂ ਘਟਨਾਵਾਂ (35:16-29)
J. ਏਸਾਓ ਦੀ ਅੰਸ (36:1-43)

V. ਯੂਸੁਫ਼ ਦਾ ਵਿਰਤਾਂਤ (37:1-50:26)
A. ਯੂਸੁਫ਼ ਕਨਾਨ ਦੇਸ ਵਿੱਚ (37:1-36)
B. ਯਹੂਦਾਹ ਅਤੇ ਉਸ ਦੀ ਨੂੰਹ ਤਾਮਾਰ (38:1-30)
C. ਯੂਸੁਫ਼ ਦਾ ਗੁਲਾਮ ਹੋ ਕੇ ਪੋਟੀਫ਼ਰ ਦੇ ਘਰ ਆਉਣਾ (39:1-23)
D. ਯੂਸੁਫ਼ ਕੈਦਖਾਨੇ ਵਿੱਚ (40:1-23)
E. ਫਿਰਊਨ ਦੇ ਰਹੱਸਮਈ ਸੁਫਨੇ (41:1-57)
F. ਯੂਸੁਫ਼ ਦੇ ਭਰਾਵਾਂ ਦਾ ਮਿਸਰ ਆਉਣਾ (42:1-38)
G. ਭਰਾਵਾਂ ਦਾ ਦੁਬਾਰਾ ਮਿਸਰ ਆਉਣਾ (43:1-34)
H. ਬਿਨਯਾਮੀਨ ਦਾ ਸੰਕਟ ਵਿੱਚ ਪੈਣਾ (44:1-34)
I. ਯੂਸੁਫ਼ ਦਾ ਆਪਣੇ ਭਰਾਵਾਂ ਨਾਲ ਪੁਨਰਮੇਲ (45:1-28)
J. ਯਾਕੂਬ ਦੇ ਪਰਿਵਾਰ ਦਾ ਮਿਸਰ ਵਿੱਚ ਜਾ ਵੱਸਣਾ (46:1-47:12)
K. ਅਕਾਲ ਦਾ ਜਾਰੀ ਰਹਿਣਾ (47:13-26)
L. ਯਾਕੂਬ ਦਾ ਆਖਰੀ ਸਮਾਂ (47:27-48:22)
M. ਆਪਣੇ ਦੇਹਾਂਤ ਤੋਂ ਪਹਿਲਾਂ ਯਾਕੂਬ ਦਾ ਆਪਣੇ ਪੁੱਤਰਾਂ ਨੂੰ ਅਸੀਸਾਂ ਦੇਣਾ (49:1-27)
N. ਯਾਕੂਬ ਦਾ ਦੇਹਾਂਤ ਅਤੇ ਦਫਨਾਇਆ ਜਾਣਾ (49:28-50:14)
O. ਯੂਸੁਫ਼ ਦਾ ਆਖਰੀ ਸਮਾਂ (50:15-26)

---

## ਟਿੱਪਣੀਆਂ

[1]ਇਬਰਾਨੀ ਪਵਿੱਤਰ ਸ਼ਾਸਤਰ ਦੇ ਯੂਨਾਨੀ ਅਨੁਵਾਦ ਨੂੰ ਸੇਪਟੁਆਜਿੰਟ ਕਿਹਾ ਜਾਂਦਾ ਹੈ। ਆਮਤੌਰ ਤੇ ਇਸ ਦਾ ਹਵਾਲਾ "LXX" ਲਿਖ ਕੇ ਦਿੱਤਾ ਜਾਂਦਾ ਹੈ, ਜਿਸ ਦਾ ਅਰਥ "ਸੱਤਰ" ਹੈ, ਕਿਉਂਕਿ ਇਹ ਅਨੁਵਾਦ ਐਲੇਕਜ਼ੈਂਡ੍ਰਿਯਾ ਵਿਖੇ 250 ਈ.ਪੂ. ਵਿੱਚ ਸੱਤਰ ਵਿਦਵਾਨਾਂ ਦੁਆਰਾ ਤਿਆਰ ਕੀਤਾ ਗਿਆ ਸੀ। [2]ਮਿਸ਼ਨਾਹ *ਅਬੋਥ* 1.1. [3]ਮਾਰਕ ਜ਼ਵੀ ਬ੍ਰੇਟਲਰ, "ਤੋਰਾਹ," *ਦਿ ਜਿਉਇਸ਼ ਸਟਡੀ ਬਾਈਬਲ,* ਸੰਪਾਦਕ ਐਡਲ ਬਰਲਿਨ ਅਤੇ ਮਾਰਕ ਜ਼ਵੀ ਬ੍ਰੇਟਲਰ (ਨਿਊ ਯੋਰਕ: ਔਕਸਫੋਰਡ ਯੂਨਿਵਰਸਿਟੀ ਪ੍ਰੈਸ, 2004), 2-3 ਵਿੱਚ। [4]ਵੇਖੋ 1 ਰਾਜਿਆਂ 2:3; 2 ਰਾਜਿਆਂ 14:6; 23:25; 2 ਇਤਹਾਸ 23:18; 25:4; 30:16; 35:12; ਅਜ਼ਰਾ 3:2; 6:18; ਨਹਮਯਾਹ 8:1; 13:1. ਨਵੇਂ ਨੇਮ ਵਿੱਚ ਵੀ ਮੂਸਾ ਬਾਰੇ ਇਹੋ ਜਿਹੇ ਹਵਾਲੇ ਮਿਲਦੇ ਹਨ (ਮਰਕੁਸ 12:26; ਲੂਕਾ 2:22; 24:44; ਯੂਹੰਨਾ 1:45; 7:23; ਰਸੂਲਾਂ ਦੇ ਕਰਤੱਬ 13:39; 15:5; 28:23; 1 ਕੁਰਿੰਥੀਆਂ 9:9; ਅਤੇ ਹੋਰ ਹਵਾਲੇ)। [5]ਮੂਸਾ ਅਤੇ ਕੂਚ ਲਈ ਦੋ ਸੰਭਵ ਮਿਤੀਆਂ ਦਿੱਤੀਆਂ ਗਈਆਂ ਹਨ: ਅਗੇਤਰੀ ਮਿਤੀ ਲਗਭਗ 1445 ਈ.ਪੂ. ਹੈ ਅਤੇ ਪਿਛੇਤਰੀ ਮਿਤੀ ਲਗਭਗ 1290 ਈ.ਪੂ. ਹੈ। ਇਨ੍ਹਾਂ ਵਿੱਚੋਂ ਹਰੇਕ ਮਿਤੀ ਦੀਆਂ ਤਕੜਾਈਆਂ ਅਤੇ ਨਿਰਬਲਤਾਈਆਂ ਬਾਰੇ ਚਰਚਾ ਕੂਚ ਦੀਆਂ ਘਟਨਾਵਾਂ ਦੇ ਇਤਹਾਸਕ ਅਧਿਐਨ ਨਾਲ ਸੰਬੰਧਤ ਹਨ। ਵੇਖੋ ਐਲਫ੍ਰੇਡ ਜੇ. ਹੋਰੇਥ, *ਆਰਕੇਓਲੋਜੀ ਐਂਡ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1998), 57-59; ਕੇ. ਏ. ਕਿਚਨ, *ਆਨ ਦਿ ਰਿਲਾਏਬਿਲਿਟੀ ਆਫ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 2003), 307-10; ਅਤੇ

ਕੋਏ ਡੀ. ਰੋਪਰ, *ਐਕਸੋਡਸ*, ਟ੍ਰੁੱਥ ਫਾਰ ਟੁਡੇ ਕਮੈਂਟ੍ਰੀ (ਸੀਅਰਸੀ, ਆਰਕੰਸੋ: ਰਿਸੋਰਸ ਪਬਲਿਕੇਸ਼ਨਸ, 2008), 656-59. [6]ਇਨ੍ਹਾਂ ਸਰੋਤਾਂ ਵਿੱਚ ਪੀੜ੍ਹੀਆਂ ਦੇ ਵਿਰਤਾਂਤ ਸ਼ਾਮਲ ਹੋ ਸਕਦੇ ਹਨ (ਵੇਖੋ ਪੇਜ 4-5)। [7]ਕੁਝ ਲੋਕ ਅਨੁਮਾਨ ਲਗਾਉਂਦੇ ਹਨ ਕਿ ਇੱਕ ਅਰੰਭਕ ਯਹੂਦੀ ਪਰੰਪਰਾ ਅਨੁਸਾਰ ਪ੍ਰੇਰਣਾ ਰਹਿਤ ਅਪੋਕ੍ਰਿਫਾ ਦੇ ਹਿੱਸੇ ਵਿੱਚ ਅਜ਼ਰਾ ਬਾਰੇ ਇਹ ਲਿਖਿਆ ਮਿਲਦਾ ਹੈ: 2 ਏਸਦ੍ਰਾਸ 14:42-48 ਆਖਦਾ ਹੈ ਕਿ ਪਰਮੇਸ਼ੁਰ ਨੇ ਅਜ਼ਰਾ ਅਤੇ ਪੰਜ ਹੋਰ ਵਿਅਕਤੀਆਂ ਨੂੰ ਚੁਰਾਨਬੇ ਪੁਸਤਕਾਂ ਲਿਖਣ ਅਤੇ ਉਨ੍ਹਾਂ ਵਿੱਚੋਂ "ਚੌਵੀ ਪੁਸਤਕਾਂ ਨੂੰ ਲੋਕਾਂ ਸਾਹਮਣੇ ਲਿਆਉਣ" ਦਾ ਹੁਕਮ ਦਿੱਤਾ ਸੀ (ਇਹ ਸੰਖਿਆ ਇਬਰਾਨੀ ਕੈਨਨ ਦੀਆਂ ਪੁਸਤਕਾਂ ਨਾਲ ਮੇਲ ਖਾਂਦੀ ਹੈ, ਜੇਕਰ ਪਰੰਪਰਾਗਤ ਰੀਤੀ ਨਾਲ ਉਨ੍ਹਾਂ ਦੀ ਗਿਣਤੀ ਕੀਤੀ ਜਾਵੇ)। [8]ਪਰਮੇਸ਼ੁਰ ਨੇ ਅਬਰਾਮ ਦਾ ਨਾਮ ਬਦਲ ਕੇ "ਅਬਰਾਹਾਮ" ਰੱਖਿਆ ਸੀ (17:5), ਜੋ ਇਹ ਦਰਸਾਉਂਦਾ ਹੈ ਕਿ ਉਹ ਬਹੁਤੀਆਂ ਕੌਮਾਂ ਦਾ ਪਿਤਾ ਹੋਵੇਗਾ। ਇਸ ਕਮੈਂਟ੍ਰੀ ਵਿੱਚ ਉਸ ਦੇ ਇਸੇ ਨਵੇਂ ਨਾਮ ਦੀ, ਜੋ ਕਿ ਵਧੇਰੇ ਪ੍ਰਚਲਿਤ ਹੈ, ਵਰਤੋਂ ਕੀਤੀ ਜਾਵੇਗੀ। [9]ਇੱਕ ਸੰਭਵ ਅਪਵਾਦ ਦੀ ਖੋਜ 925 ਈ.ਪੂ. ਵਿੱਚ ਹੋਏ ਮਿਸਰ ਦੇ ਸ਼ੇਸ਼ੋਂਕ I (ਸ਼ਿਸ਼ਾਕ) ਦੀ ਸਥਲਾਕ੍ਰਿਤੀ ਸੂਚੀ ਵਿੱਚੋਂ ਹੋਈ ਹੈ ਜਿਸ ਨੂੰ "ਅਬਰਾਮ ਦਾ ਵਿਹੜਾ" ਪੜ੍ਹਿਆ ਜਾ ਸਕਦਾ ਹੈ ਜੋ ਨੇਗੇਵ (ਇਸਰਾਏਲ ਦਾ ਦੱਖਣੀ ਮਾਰੂਥਲ) ਵੱਲ ਸੰਕੇਤ ਕਰਦਾ ਹੈ, ਪਰ ਇਸ ਦਾ ਅਨੁਵਾਦ "ਘੋੜਿਆਂ ਦਾ ਵਿਹੜਾ" ਵੀ ਕੀਤਾ ਜਾ ਸਕਦਾ ਹੈ। ਪਰ ਕੇ. ਏ. ਕਿਚਨ ਦਾ ਕਹਿਣਾ ਹੈ ਕਿ "ਨੇਗੇਵ ਖੇਤਰ, ਜਿੱਥੇ ਇਹ ਥਾਂ ਮੌਜੂਦ ਹੈ, ਘੋੜਿਆਂ ਲਈ ਜਾਣਿਆ ਨਹੀਂ ਜਾਂਦਾ" (ਕਿਚਨ, *ਰਿਲਾਏਬਿਲਿਟੀ*, 313)। [10]ਹੋਰੇਥ, 142.

[11]ਕੇ. ਏ. ਕਿਚਨ, *ਏਂਸ਼ਿਅੰਟ ਓਰਿਏਂਟ ਐਂਡ ਓਲਡ ਟੈਸਟਾਮੈਂਟ* (ਸ਼ਿਕਾਗੋ: ਇੰਟਰਵਰਸਿਟੀ ਪ੍ਰੈਸ, 1966), 48-49; ਗੋਰਡਨ ਜੇ. ਵੇਨਹੈਮ, *ਜੇਨੇਸਿਸ 16-50*, ਵਰਡ ਬਿਬਲਿਕਲ ਕਮੈਂਟ੍ਰੀ, ਜਿਲਦ 2 (ਡਾਲਸ: ਵਰਡ ਬੁਕਸ, 1994), xxiii. [12]ਕਿਚਨ, *ਰਿਲਾਏਬਿਲਿਟੀ*, 341-42. [13]ਵੇਨਹੈਮ, 175-76. [14]ਹਾਲਾਂਕਿ ਇਹ ਪ੍ਰਮਾਣਕ ਹੈ ਕਿ ਅਬਰਾਹਾਮ ਨੂਜ਼ੀ ਤਖਤੀਆਂ (ਪੰਦਰਵੀਂ ਸਦੀ ਈ.ਪੂ.) ਤੋਂ ਕਈ ਸੌ ਵਰ੍ਹੇ ਪਹਿਲਾਂ ਹੋਇਆ ਸੀ, ਤਾਂ ਵੀ ਈ.ਪੂ. ਤੋਂ ਦੋ ਹਜ਼ਾਰ ਵਰ੍ਹੇ ਪਹਿਲਾਂ ਦੇ ਪੁਰਾਤਨ ਮਸੋਪੋਤਾਮੀਆ ਦੇ ਗਤੀਹੀਣ ਸਭਿਆਚਾਰ ਦਾ ਅਰਥ ਇਹ ਹੈ ਕਿ ਇਹ ਪੱਟੀਆਂ ਸ਼ਾਇਦ ਇਨ੍ਹਾਂ ਦੇ ਬਣਾਏ ਜਾਣ ਤੋਂ ਅਨੇਕਾਂ ਵਰ੍ਹੇ ਪਹਿਲਾਂ ਅਤੇ ਬਾਅਦ ਦੀਆਂ ਸਭਿਆਚਾਰਕ ਰਸਮਾਂ ਨੂੰ ਦਰਸਾਉਂਦੀਆਂ ਹਨ। (ਹੋਰੇਥ, 102-3, ਨੰ. 1.) [15]ਉਤਪਤ ਵਿੱਚ ਧਾਰਮਿਕ ਵਿਸ਼ਿਆਂ - ਜਿਵੇਂ ਕਿ ਪਰਮੇਸ਼ੁਰ, ਸਰਿਸ਼ਟੀ, ਮਨੁੱਖ, ਪਾਪ, ਕਿਰਪਾ ਅਤੇ ਹੋਰ ਬਹੁਤ ਕੁਝ - ਦਾ ਇੱਕ ਵਿਸ਼ਵਕੋਸ਼ ਵਰਗਾ ਭਾਗ ਹੋਣ ਦੀ ਬਜਾਇ ਇਹ ਭਾਗ ਇਸ ਪੁਸਤਕ ਦੀਆਂ ਧਾਰਮਿਕ ਸਿੱਖਿਆਵਾਂ ਉੱਤੇ ਇੱਕ ਸੰਖੇਪ ਚਰਚਾ ਨੂੰ ਪੇਸ਼ ਕਰਦਾ ਹੈ ਜੋ ਵੱਖ-ਵੱਖ ਅਧਿਆਇਆਂ ਦੇ ਸਿਰਲੇਖਾਂ ਜਾਂ ਸਮੱਗਰੀ ਦੇ ਵੱਡੇ ਹਿੱਸਿਆਂ ਵਿੱਚ ਦਿਖਾਈ ਦਿੰਦੀਆਂ ਹਨ। ਸਰੂਪ ਅਤੇ ਟਿੱਪਣੀਆਂ ਲਈ ਕੁਝ ਵਿਚਾਰ ਕਲਾਈਡ ਟੀ. ਫ੍ਰਾਂਸਿਸਕੋ, "ਜੇਨੇਸਿਸ," ਇਨ *ਦਿ ਬ੍ਰੌਡਮੈਨ ਬਾਈਬਲ ਕਮੈਂਟ੍ਰੀ,* ਜਿਲਦ 1, *ਜਨਰਲ ਆਰਟੀਕਲਸ, ਜੇਨੇਸਿਸ - ਐਕਸੋਡਸ*, ਸੋਧਿਆ ਸੰਸਕਰਨ, ਸੰਪਾਦਕ ਕਲਿਫਟਨ ਜੇ. ਐਲਨ (ਨੈਸ਼ਵਿਲ: ਬ੍ਰੌਡਮੈਨ ਪ੍ਰੈਸ, 1969), 115-16 ਵਿੱਚੋਂ ਲਏ ਗਏ ਹਨ। [16]ਅਬਰਾਹਾਮ ਨੇ ਜਦ ਹਾਰਾਨ ਛੱਡਿਆ ਤਾਂ ਉਹ ਪਛੱਤਰਾਂ ਵਰ੍ਹਿਆਂ ਦਾ ਸੀ (12:4) ਅਤੇ ਉਹ ਸਾਰਾਹ ਤੋਂ ਦਸ ਸਾਲ ਵੱਡਾ ਸੀ, ਜਿਸ ਨੇ ਇਸਹਾਕ ਨੂੰ ਉਸ ਵੇਲੇ ਜਨਮ ਦਿੱਤਾ ਜਿਸ ਵੇਲੇ ਉਹ ਆਪ ਨੱਬੇ ਵਰ੍ਹਿਆਂ ਦੀ ਸੀ ਅਤੇ ਅਬਰਾਹਾਮ ਇੱਕ ਸੌ ਵਰ੍ਹਿਆਂ ਦਾ ਸੀ (17:17; 21:5)। ਜਦ ਸਾਰਾਹ ਦਾ ਦੇਹਾਂਤ 127 ਵਰ੍ਹਿਆਂ ਦੀ ਉਮਰ ਵਿੱਚ ਹੋਇਆ (23:1), ਤਦ ਅਬਰਾਹਾਮ 137 ਵਰ੍ਹਿਆਂ ਦਾ ਸੀ ਅਤੇ ਤਦ ਤੱਕ ਉਸ ਨੂੰ ਹਾਰਾਨ ਛੱਡਿਆਂ ਬਾਹਠ ਵਰ੍ਹੇ ਹੋ ਚੁੱਕੇ ਸਨ। [17]ਪੰਜਾਹ ਤੋਂ ਵੀ ਵਧ ਵਰ੍ਹੇ ਪਹਿਲਾਂ ਉਸ ਨੇ 318 ਜੋਧਿਆਂ ਨੂੰ ਨਾਲ ਲੈ ਕੇ ਯੁੱਧ ਲੜਿਆ ਸੀ ਜੋ ਉਸ ਦੇ ਘਰ ਵਿੱਚ ਜੰਮੇ ਸਨ (ਸੰਭਵ ਹੈ ਗੁਲਾਮਾਂ ਵਜੋਂ; 14:14)। ਇਸ ਵੇਲੇ ਤੱਕ ਉਸ ਦੇ ਸੇਵਕਾਂ/ਗੁਲਾਮਾਂ ਦੀ ਗਿਣਤੀ ਬਹੁਤ ਵਧ ਗਈ ਹੋਵੇਗੀ, ਜੋ ਲੋੜ ਪੈਣ 'ਤੇ ਯੁੱਧ ਕਰ ਸਕਦੇ ਸਨ।